SATJUG
1920 ਤੋਂ ਸਾਲ 99 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੧੬ ਚੇਤਰ ਤੋਂ ੧੫ ਵੈਸਾਖ ੨੦੭੫-੭੬
29 Mar. To 28 Apr. 2019

ਜਿਲਦ 27
ਨੰਬਰ 5-6
Total Pages 56



ਬਰਤਾਨਵੀ ਸਾਮਰਾਜ ਦੇ ਜ਼ੁਲਮ ਦੀ ਇੰਤਹਾ:
ਸ਼ਹੀਦੀ ਸਾਕਾ (ਅੰਮ੍ਰਿਤਸਰ) ਵੈਸਾਖੀ 1919 ਈ. (ਸ਼ਤਾਬਦੀ ਵਰ੍ਹੇ ਤੇ ਵਿਸ਼ੇਸ਼)



ਸ੍ਰੀ ਭੈਣੀ ਸਾਹਿਬ ਸੰਤ ਕਿਰਪਾਲ ਸਿੰਘ 'ਚਾਨਾ'
ਸ੍ਰੀ ਸਤਿਗੁਰੂ ਜੀ ਨੂੰ ਲੈਪਟਾਪ ਤੇ
Satguru Jagjit Singh
E-Library ਵਿਖਾਉਂਦੇ ਹੋਏ।

ਨਵੀਂ ਗੱਡੀ ਵਿੱਚ ਚਰਨ ਪਵਾਉਣ ਸਮੇਂ–
ਸ੍ਰੀ ਸਤਿਗੁਰੂ ਜੀ ਦੇ ਨਾਲ
ਸੂਬਾ ਚਰਨਜੀਤ ਸਿੰਘ ਜੀ (ਹਿਸਾਰ)
ਪਰਿਵਾਰ ਸਹਿਤ।






16 ਮਾਰਚ 2019 ਪੰਜਾਬੀ ਭਵਨ ਲੁਧਿਆਣਾ ਲੇਖਕ ਸਨਮਾਨ ਸਮਾਰੋਹ:
ਸ.ਸੁਵਰਨ ਸਿੰਘ 'ਵਿਰਕ' ਨੂੰ ਕਾਮਰੇਡ ਜਗਜੀਤ ਸਿੰਘ ਆਨੰਦ ਵਾਰਤਕ ਸਾਹਿਤਕਾਰ ਸਨਮਾਨ ਅਤੇ
ਸ. ਅਵਤਾਰ ਸਿੰਘ ਸਿੱਧੂ ਨੂੰ ਮਾਤਾ ਜਸਵੰਤ ਕੌਰ ਸਰਬੋਤਮ ਮੌਲਿਕ ਬਾਲ ਪੁਰਸਕਾਰ।

# ਸਤਿਜੁਗ

੧੬ ਚੇਤਰ ਤੋਂ ੧੫ ਵੈਸਾਖ ੨੦੭੫-੭੬ ਬ੍ਰਿ.
29 ਮਾਰਚ ਤੋਂ 28 ਅਪ੍ਰੈਲ 2019 ਈ:
ਜਿਲਦ 27, ਵੀਰਵਾਰ ਨੰਬਰ 5-6



**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



Editorial Board:

*Harvendra Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

**Date of Publication: 10-4-2019,**
**Date of Posting: 11-12 Apr. 2019**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**



satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000


# ਤਤਕਰਾ


* ਸੰਪਾਦਕੀ-- ਪੰਜਾਬੀ ਸੱਭਿਆਚਾਰ ਅਤੇ ਖਾਲਸਾ ਸਿਰਜਣਾ..
ਹਰਪਾਲ ਸਿੰਘ ਸੇਵਕ....................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.....................8

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ........................8

* ਨਾਲ ਲਹੂ ਦੇ ਸਿੰਜਿਆ ਬਾਗ ਕੌਮੀ....
ਸੁਵਰਨ ਸਿੰਘ ਵਿਰਕ .................................11

* ਲਹੂ ਲੁਹਾਨ ਵਿਸਾਖੀ '19 ਦੀ....
ਡਾ. ਗੁਰਦੇਵ ਸਿੰਘ ਸਿੱਧੂ..............................17

* ਵੈਸਾਖੀ
ਨਿਸ਼ਾਨ ਸਿੰਘ ਕਥਾਵਾਚਕ ....................21

* ਇਤਿਹਾਸ ਦੀ ਪੈੜ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ
ਦਵਿੰਦਰ ਸਿੰਘ ਗਿੱਲ ਜੀਆ ਨੱਥਾ..................24

* ਜਗਤ ਮਾਤਾ ਚੰਦ ਕੌਰ ਜੀ
ਸੁਵਰਨ ਸਿੰਘ ਵਿਰਕ .............................30

* *A Saga Of Sri Satguru Jagjit Singh ji*
*Dr. Sharada Jayagovind..............................32*

* *The 1872 origin of the 1919 incident*
*A.S. Panesar ..........................................33*

* ਕਾਵਿ ਕਿਆਰੀ ...............................................40

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ......................42

* ਸੁੱਚੇ ਮੋਤੀ ..................................................44

* ਬੱਚਿਆਂ ਦਾ ਪੰਨਾ...............................................45

* ਖ਼ਬਰਨਾਮਾ.......................................................46

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ।    ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਪੰਜਾਬੀ ਸਭਿਆਚਾਰ ਅਤੇ ਖਾਲਸਾ ਸਿਰਜਣਾ ਦਾ ਪੁਰਬ ਵੈਸਾਖੀ

ਭਾਵੇਂ ਵੈਸਾਖੀ ਦਾ ਮੇਲਾ ਖਾਲਸਾ ਪੰਥ ਦੇ ਜਨਮ ਦਿਹਾੜੇ ਵਜੋਂ ਪ੍ਰਸਿੱਧ ਹੈ, ਪਰ ਸਿੱਖ ਇਤਿਹਾਸ ਵਿਚ ਸਭ ਤੋਂ ਪਹਿਲੋਂ ਵੈਸਾਖੀ ਦਾ ਮੇਲਾ ਸਤਿਗੁਰੂ ਅਮਰਦਾਸ ਜੀ ਸਮੇਂ ਮਨਾਇਆ ਗਿਆ। ਗੁਰੂ ਸਾਹਿਬ ਦੀ ਛਤਰ ਛਾਇਆ ਹੇਠ ਇਸ ਪਹਿਲੇ ਵੈਸਾਖੀ ਮੇਲੇ ਦਾ ਆਯੋਜਨ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਕੀਤਾ। ਨਾਮ-ਬਾਣੀ ਅਤੇ ਸੇਵਾ-ਸਿਮਰਨ ਦੇ ਪ੍ਰਚਾਰ ਦੇ ਨਾਲ-ਨਾਲ ਗੁਰੂ-ਸਾਹਿਬ ਨੇ ਇਸ ਮੇਲੇ'ਤੇ ਖੇਡਾਂ ਅਤੇ ਕੁਸ਼ਤੀਆਂ ਵੀ ਕਰਵਾਉਣੀਆਂ ਸ਼ੁਰੂ ਕੀਤੀਆਂ। ਵੈਸਾਖੀ ਦਾ ਪੰਜਾਬੀ ਸਭਿਆਚਾਰ ਨਾਲ ਵੀ ਮੁੱਢ ਕਦੀਮੀਂ ਨਾਤਾ ਹੈ। ਕਿਸਾਨ ਆਪਣੀ ਛੇ ਮਹੀਨਿਆਂ ਦੀ ਮਿਹਨਤ ਹਾੜੀ ਦੀ ਫਸਲ ਪੱਕਣ ਤੇ ਵੈਸਾਖੀ ਦੇ ਪੁਰਬ ਤੇ ਖੁਸ਼ੀਆਂ ਸਾਂਝੀਆਂ ਕਰਦੇ ਹਨ।

ਰਾਗ ਤੁਖਾਰੀ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਅਤੇ ਰਾਗ ਮਾਝ ਵਿਚ ਸਤਿਗੁਰੂ ਅਰਜਨ ਦੇਵ ਜੀ ਨੇ ਬਾਰਾਂਮਾਹ ਰਚੇ। ਰਾਗ ਤੁਖਾਰੀ ਦੇ ਬਾਰਾਂਮਾਹ ਵਿਚ ਸਤਿਗੁਰੂ ਨਾਨਕ ਦੇਵ ਜੀ ਉਪਦੇਸ਼ ਦੇਂਦੇ ਹਨ—

ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥

ਸਤਿਗੁਰੂ ਅਰਜਨ ਦੇਵ ਜੀ ਦਾ ਵੈਸਾਖੀ ਲਈ ਸ਼ੁਭ ਉਪਦੇਸ਼ ਹੈ—

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥

ਗੁਰੂ ਸਾਹਿਬ ਹੁਕਮ ਕਰਦੇ ਹਨ ਕਿ ਸੰਸਾਰ ਝੂਠੇ ਧੰਧਿਆਂ ਵਿਚ ਮੋਹ-ਮਾਇਆ ਵਿਚ ਉਲਝਿਆ ਹੋਇਆ ਹੈ। ਪ੍ਰਭੂ ਦੇ ਨਾਮ ਜਪਣ ਤੋਂ ਬਿਨਾਂ ਪ੍ਰਲੋਕ ਵੀ ਗਵਾਚ ਜਾਵੇਗਾ। ਮਨ ਕਰਕੇ, ਸੁਰਤੀ ਕਰਕੇ, ਸ਼ਬਦ ਨਾਲ, ਨਾਮ ਨਾਲ ਜੁੜਕੇ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਵੈਸਾਖ ਤਾਂ ਹੀ ਸੁਹਾਵਣਾ ਹੈ ਜਾਂ ਵੈਸਾਖੀ ਤਦ ਹੀ ਸਾਰਥਕ ਹੈ ਜੇ—

ਵੈਸਾਖੁ ਸੁਹਾਵਾ ਤਾਂ ਲਗੈ ਜਾਂ ਸੰਤੁ ਭੇਟੈ ਹਰਿ ਸੋਇ॥

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਦ ਗੁਰੂ ਹਰਿਗੋਬਿੰਦ ਸੱਚੇ ਪਾਤਸ਼ਾਹ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਧਰਮ ਦੀ ਰਖਿਆ ਲਈ ਚਾਰ ਯੁੱਧ ਕੀਤੇ ਅਤੇ ਚਾਰੇ ਹੀ ਜਿੱਤੇ ਵੀ। ਇਸੇ ਤਰ੍ਹਾਂ ਸਤਿਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਉਪਰੰਤ ਜਦੋਂ ਭਾਈ ਜੈਤਾ ਗੁਰੂ ਤੇਗ ਬਹਾਦੁਰ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪੁੱਜਾ। ਗੁਰੂ

ਗੋਬਿੰਦ ਰਾਇ ਕੇਵਲ ਨੌਂ ਕੁ ਵਰ੍ਹਿਆਂ ਦੇ ਸਨ। ਆਪ ਨੇ ਹਾਜ਼ਿਰ ਸੰਗਤਾਂ ਤੋਂ ਜਦੋਂ ਗੁਰੂ ਸਾਹਿਬ ਦੇ ਧੜ ਬਾਰੇ ਪੁੱਛਿਆ-ਪਤਾ ਲੱਗਾ ਕਿ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਸਮੇਂ ਢੰਡੋਰਾ ਪਿਟਵਾਇਆ ਗਿਆ ਕਿ ਗੁਰੂ ਤੇਗ ਬਹਾਦੁਰ ਦਾ ਕੋਈ ਸਿੱਖ ਹੋਵੇ, ਸਾਮ੍ਹਣੇ ਆਵੇ ਅਤੇ ਗੁਰੂ ਸਾਹਿਬ ਦੀ ਦੇਹ ਦਾ ਅੰਤਿਮ ਸਸਕਾਰ ਕਰ ਲਵੇ। ਪਰ ਦਹਿਸ਼ਤ ਏਨੀ ਸੀ, ਡਰ ਸੀ ਕਿ ਜਿਹੜਾ ਵੀ ਕਹੇਗਾ- ਮੈਂ ਗੁਰੂ ਤੇਗ ਬਹਾਦੁਰ ਦਾ ਸਿੱਖ ਹਾਂ ਉਸਨੂੰ ਕਤਲ ਕਰ ਦੇਣਗੇ। ਇਹ ਤਾਂ ਸਤਿਗੁਰਾਂ ਨੇ ਲੀਲ੍ਹਾ ਵਰਤਾਈ ਕਿ ਤੇਜ ਹਨ੍ਹੇਰੀ-ਝੱਖੜ ਝੁੱਲਿਆ ਇਸੇ ਹਨ੍ਹੇਰੀ ਵਿਚ ਹੀ ਭਾਈ ਜੈਤਾ ਨੇ ਸੀਸ ਸੰਭਾਲ ਲਿਆ। ਲੱਖੀ ਵਣਜਾਰੇ ਨੇ ਧੜ ਸੰਭਾਲਿਆ, ਘਰ ਵਿਚ ਰੱਖ ਕੇ ਘਰ ਨੂੰ ਹੀ ਅੱਗ ਲਾ ਕੇ, ਗੁਰੂ ਸਾਹਿਬ ਦੇ ਧੜ ਦਾ ਸਸਕਾਰ ਕੀਤਾ। ਪਰ ਦਿੱਲੀ ਦੇ ਸਿੱਖਾਂ ਨੇ ਆਪਣੇ ਆਪ ਨੂੰ ਗੁਰੂ ਤੇਗ ਬਹਾਦੁਰ ਜੀ ਦੇ ਸਿੱਖ ਅਖਵਾਉਣ ਦੀ ਜ਼ੁਅਰਤ ਨਾ ਕੀਤੀ। ਇਹ ਸੁਣ ਕੇ ਬਾਲ ਗੋਬਿੰਦ ਰਾਏ ਨੇ ਜੋਸ਼ ਵਿਚ ਕਿਹਾ— ਗੁਰੂ ਨਾਨਕ ਦਾ ਸਿੱਖ ਏਨਾ ਕਮਜ਼ੋਰ ਹੋ ਗਿਆ ਕਿ ਉਹ ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਉਣੋਂ ਵੀ ਡਰਦਾ ਹੈ। ਮੈਂ ਸਿੱਖਾਂ ਨੂੰ ਅਜਿਹਾ ਸਰੂਪ ਬਖਸ਼ਾਂਗਾ ਕਿ ਜਿਸਨੂੰ ਵੇਖਕੇ ਪੁੱਛਣਾ ਨਾ ਪਵੇ - ਲੱਖਾਂ ਵਿਚ ਖਲੋਤੇ ਗੁਰੂ ਕੇ ਸਿੱਖ ਦਾ ਸਰੂਪ ਤਾਰਿਆਂ ਵਿਚੋਂ ਚੰਦ ਵਾਂਗ ਪਛਾਣਿਆ ਜਾਵੇ।

ਇਹ ਸਮਾਂ ਆਇਆ 1699 ਈ: ਦੀ ਵੈਸਾਖੀ ਦਾ, ਹਜ਼ਾਰਾਂ ਸੰਗਤਾਂ ਦੇ ਇਕੱਠ ਵਿਚ ਇਕ ਅਲੌਕਿਕ ਘਟਨਾ ਵਾਪਰੀ

ਫਿਰ ਚਾਣਚੱਕ ਸਾਹਿਬ ਗੋਬਿੰਦ ਉਠ ਖਲੋਇਆ॥
ਸੂਰਜ ਸਵੇਰ ਦਾ ਜਿਉਂ ਇਕ ਦਮ ਦੁਪਿਹਰ ਹੋਇਆ॥

ਗੁਰੂ ਸਾਹਿਬ ਨੇ ਸੀਸ ਕਲਮ ਕਰਕੇ, ਪਿਉਂਦ ਕਰਕੇ ਸਿੱਖੀ ਨੂੰ ਨਵਾਂ ਰੂਪ ਬਖ਼ਸ਼ਿਆ। ਖਾਲਸਾ-ਪੰਥ ਦੀ ਸਿਰਜਣਾ ਕੀਤੀ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਤਲੀ ਤੇ ਸਿਰ ਰੱਖ ਕੇ ਗੁਰੂ ਦੇ ਸਨਮੁਖ ਆਪਾ ਅਰਪਣ ਕਰਨ ਵਾਲੇ ਪੰਜ ਪਿਆਰਿਆਂ ਦੇ ਅਰਥ ਭਰਪੂਰ ਨਾਮ ਹੀ ਖਾਲਸਾ ਪੰਥ ਦੇ ਸਰੂਪ ਦੀ ਰੂਹ ਹਨ। ਕੇਵਲ ਬਾਹਰੀ ਸਰੂਪ ਦਾ ਨਿਆਰਾਪਣ ਹੀ ਖਾਲਸਾ ਨਹੀਂ- ਸਗੋਂ ਦੈਵੀ ਗੁਣਾਂ ਦੇ ਸੁਮੇਲ ਦਾ ਨਾਮ ਖਾਲਸਾ ਹੈ, ਜਿਸ ਵਿਚ ਆਧਾਰ-ਦਇਆ ਦਾ ਹੈ, ਖਿਮਾ ਦਾ ਹੈ, 'ਧੌਲੁ ਧਰਮੁ ਦਇਆ ਕਾ ਪੂਤੁ' ਭਾਈ ਦਇਆ ਸਿੰਘ ਸਿੱਖੀ ਵਿਚ ਦਇਆ ਦਾ ਸ੍ਰੋਤ ਹੈ।

ਗੁਰੂ ਸਾਹਿਬ ਆਪਣੇ ਅਵਤਾਰ ਧਾਰਣ ਦੇ ਉਦੇਸ਼ ਲਿਖਦੇ ਹਨ—"ਧਰਮ ਚਲਾਵਨ, ਸੰਤ ਉਬਾਰਨ" ਧਰਮ ਦੇ ਸ਼ੁਧ ਸਰੂਪ ਦੀ ਸਥਾਪਨਾ ਦਾ ਨਾਮ ਹੈ ਭਾਈ ਧਰਮ ਸਿੰਘ।

ਧਰਮ ਦੇ ਮਾਰਗ ਤੇ ਚੱਲਣ ਲਈ ਹਿੰਮਤ ਚਾਹੀਦੀ ਹੈ, ਉੱਦਮ ਚਾਹੀਦਾ ਹੈ। ਨਾਮ ਜਪਣ ਲਈ ਵੀ- 'ਉੱਦਮ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ॥' ਹਿੰਮਤ ਹੀ ਸਫ਼ਲਤਾ ਦੀ ਕੁੰਜੀ ਹੈ- 'ਨਿਸਚੈ ਕਰ ਅਪਨੀ ਜੀਤ ਕਰੋਂ- ਦਾ ਦ੍ਰਿੜ ਸੰਕਲਪ ਹੈ। ਭਾਈ ਹਿੰਮਤ ਸਿੰਘ ਦਾ ਨਾਮ ਸਾਨੂੰ ਗੁਰੂ ਦੇ ਰਸਤੇ ਤੇ ਚੱਲਣ ਦੀ ਹਿੰਮਤ, ਜ਼ੁਅਰਤ ਬਖ਼ਸ਼ਦਾ ਹੈ।

ਮੁਹਕਮ ਤੋਂ ਭਾਵ ਹੈ 'ਦ੍ਰਿੜ' । ਸ੍ਰੀ ਕਲਗੀਧਰ ਪਾਤਸ਼ਾਹ ਫੁਰਮਾਉਂਦੇ ਹਨ- 'ਤਿਹ ਅੰਗਸੰਗ ਤੁਮ ਲਾਗ ਰਹਉ, ਜੋ ਪਾਛੈ ਪਗ ਨਾ ਧਰੇਇ'।- ਅਕਾਲ ਪੁਰਖ ਦੀ ਸ਼ਕਤੀ ਉਸਦੇ ਅੰਗ-ਸੰਗ ਸਹਾਈ ਹੁੰਦੀ ਹੈ ਜੋ ਧਰਮ ਕਰਮ ਕਰਦਿਆਂ ਕਦੇ ਪਿਛਾਂ ਪੈਰ ਨਹੀਂ ਪੁੱਟਦਾ। ਭਾਈ ਮੁਹਕਮ ਸਿੰਘ ਖਾਲਸੇ ਦੀ ਦ੍ਰਿੜ੍ਹਤਾ ਦਾ ਪ੍ਰਤੀਕ ਹੈ।

'ਸੁਭ ਕਰਮਨ ਤੇ ਕਬਹੂੰ ਨਾ ਟਰੋਂ,- ਸਿੱਖੀ ਦਾ ਸੰਕਲਪ ਹੈ, ਉਦੇਸ਼ ਹੈ। ਜੋ ਗੁਰ ਸਿੱਖ ਦਇਆਲੂ ਹੈ, ਧਰਮ ਵਿਚ ਪ੍ਰਪੱਕ ਹੈ, ਸੇਵਾ ਦੀ ਮੂਰਤ, ਹਿੰਮਤੀ ਪੁਰਖ ਹੈ, ਨਿਸ਼ਠਾਵਾਨ ਹੈ, ਦ੍ਰਿੜ ਸੰਕਲਪ ਤੇ ਕਾਇਮ ਰਹਿਣ ਲਈ ਵਚਨਬੱਧ ਹੈ, ਉਹੀ ਗੁਰਮੁਖ ਹੈ, ਉਹ ਹੀ ਸ਼ੁੱਧ ਸਰੂਪ ਖਾਲਸਾ ਹੈ। ਅਜਿਹੇ ਗੁਣਾਂ ਦੇ ਸਮੂਹ ਖਾਲਸੇ ਨੂੰ ਗੁਰੂ ਸਾਹਿਬ ਨੇ ਸਿੰਘ ਨਾਮ ਦੇ ਕੇ ਸਾਹਿਬੀ ਬਖ਼ਸ਼ੀ, ਸਰਦਾਰੀ ਬਖ਼ਸ਼ੀ। ਭਾਈ ਸਾਹਿਬ ਸਿੰਘ ਦਾ ਨਾਮ ਖਾਲਸੇ ਦੀ ਸਮਰਪਣ ਭਾਵਨਾ ਦਾ ਪ੍ਰਤੀਕ ਹੈ, ਜਿਨ੍ਹਾਂ ਨੇ- 'ਆਪੁ ਗਵਾਈਐ ਤਾ ਸਹੁ ਪਾਈਐ' ਗੁਰਵਾਕ ਅਨੁਸਾਰ ਗੁਰੂ ਦੇ ਸਨਮੁਖ ਆਪਾ ਅਰਪਣ ਕੀਤਾ ਅਤੇ ਗੁਰੂ ਨੇ ਖੁਸ਼ ਹੋ ਕੇ ਸਾਹਿਬੀ ਬਖ਼ਸ਼ੀ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖਾਲਸਾ ਸਾਜਿਆ- ਜੋ ਪਹਿਲੋਂ 'ਸੰਤ' ਹੈ ਭਾਵ ਪ੍ਰਭੂ ਭਗਤੀ ਕਰਨ ਵਾਲਾ, ਸੇਵਾ ਦੀ ਮੂਰਤ, ਦਇਆਲੂ ਅਤੇ ਪਰਉਪਕਾਰੀ ਹੈ ਅਤੇ ਫੇਰ ਸਿਪਾਹੀ ਹੈ- ਸਿਪਾਹੀ ਵੀ ਧਰਮ ਦੀ ਰੱਖਿਆ ਲਈ, ਧਰਮ-

ਯੁੱਧ ਦੇ ਅਸੂਲਾਂ ਤੇ ਕਾਇਮ ਰਹਿੰਦਿਆਂ ਤਲਵਾਰ ਚੁੱਕਦਾ ਹੈ, ਲੋਭ ਅਤੇ ਸਵਾਰਥ ਲਈ ਨਹੀਂ, ਧਰਮ ਦੀ ਸਥਾਪਨਾ ਲਈ, ਗਊ-ਗਰੀਬ ਦੀ ਰੱਖਿਆ ਲਈ ਯੁੱਧ ਕਰਦਾ ਹੈ।

ਗੁਰੂ ਸਾਹਿਬ ਨੇ ਖਾਲਸੇ ਨੂੰ ਮਨ ਕਰਕੇ ਨਿਆਰੇ ਗੁਣ ਬਖਸ਼ੇ। ਸਰੀਰ ਕਰਕੇ ਸਾਬਤ ਸੂਰਤ ਸਿੱਖੀ-ਸਰੂਪ ਅਤੇ ਪੰਜ ਕਕਾਰ ਦੇ ਧਾਰਣੀ ਬਣਾ ਕੇ ਨਿਆਰਾ ਸਰੂਪ ਬਖ਼ਸ਼ਿਆ। ਮਨ, ਬਚਨ, ਕਰਮ ਕਰਕੇ ਨਿਆਰੇ ਖਾਲਸੇ ਨੂੰ ਦੈਵੀ-ਸ਼ਕਤੀ ਬਖ਼ਸ਼ੀ-

ਜਬ ਲਗ ਖਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਓ ਮੈ ਸਾਰਾ॥

ਆਪਣੇ ਚਾਰੇ ਪੁਤ੍ਰ ਵਾਰ ਕੇ, ਖਾਲਸੇ ਨੂੰ ਪੁਤ੍ਰ ਹੋਣ ਦਾ ਮਾਣ ਬਖਸ਼ਿਆ।

-ਇਨ ਪੁਤ੍ਰਨ ਕੇ ਸੀਸ ਪੈ, ਵਾਰ ਦੀਏ ਸੁਤ ਚਾਰ॥
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ॥

ਸਾਹਿਬ ਕਲਗੀਧਰ ਪਾਤਸ਼ਾਹ ਨੇ ਜਿਸ ਖਾਲਸੇ ਨੂੰ ਰੱਬੀ ਤੇਜ ਬਖ਼ਸ਼ਿਆ, ਸਾਹਿਬੀ ਬਖ਼ਸ਼ੀ ਇਕ ਸਦੀ ਭਰ ਦੇ ਸੰਘਰਸ਼ ਤੋਂ ਬਾਦ ਉਸਦਾ ਰਾਜ ਕਾਇਮ ਹੋ ਗਿਆ। ਖਾਲਸੇ ਦਾ ਰਾਜ, ਇਕ ਸਰਬ-ਸਾਂਝਾ ਰਾਜ ਸੀ। ਪਰ ਕੁਝ ਦਹਾਕਿਆਂ ਵਿੱਚ ਹੀ ਸਿੱਖ ਐਸ਼ਪ੍ਰਸਤੀ ਵਿਚ ਪੈ ਕੇ ਧਰਮ-ਕਰਮ ਛੱਡ ਬੈਠੇ। ਮੁਗਲ-ਨਵਾਬਾਂ ਵਾਲੇ ਸਾਰੇ ਐਬ ਸਿੱਖ-ਸਰਦਾਰਾਂ ਵਿਚ ਆ ਗਏ। ਖਾਲਸਾ ਆਪਣੀ ਨਿਆਰੀ ਸ਼ਾਨ ਅਤੇ ਪਹਿਚਾਣ ਗਵਾ ਬੈਠਾ। ਫੇਰ ਉਹੀ ਵਾਪਰਿਆ-

ਜਬੈ ਖਾਲਸਾ ਰਲ ਮਿਲ ਜੈ ਹੈ॥
ਧਰਮ ਕਾ ਤੇਜ ਛੀਨ ਹ੍ਵੈ ਜੈ ਹੈ॥

ਸਿੱਖ-ਰਾਜ ਜਾਂਦਾ ਰਿਹਾ ਭਾਰਤ ਦੇ ਨਾਲ ਪੰਜਾਬ ਵੀ ਬਰਤਾਨਵੀ ਹਾਕਮਾਂ ਦੇ ਅਧੀਨ ਹੋ ਗਿਆ। ਸਿੱਖ-ਸਰਦਾਰਾਂ ਨੇ ਅੰਗ੍ਰੇਜ਼ ਸਰਕਾਰ ਤੋਂ ਜਗੀਰਾਂ ਲੈ ਕੇ ਗੁਲਾਮੀ ਨੂੰ ਸ਼ਿੰਗਾਰ ਵਜੋਂ ਅਪਨਾ ਲਿਆ। - 'ਜੁਗ-ਜੁਗ ਰਾਜ ਸਵਾਇਆ ਟੋਪੀ ਵਾਲੇ ਦਾ' ਗਾਉਣ ਲਗ ਪਏ।

ਨਾਮਧਾਰੀ-ਪੰਥ ਦੇ ਸਿਰਜਣਹਾਰ ਸਤਿਗੁਰੂ ਰਾਮ ਸਿੰਘ ਜੀ ਜੋ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿਚ ਰਹੇ ਸਨ, ਜਿਨਾਂ ਨੇ ਸਿੱਖ ਰਾਜ ਦਾ ਸੂਰਜ ਸਿਖਰ 'ਤੇ ਵੀ ਵੇਖਿਆ ਸੀ ਅਤੇ ਛਿਪਦਾ ਵੀ। ਇਸਦਾ ਕਾਰਣ ਉਹ ਸਮਝਦੇ ਸਨ- ਸਾਹਿਬ ਕਲਗੀਧਰ ਪਾਤਸ਼ਾਹ ਦੇ ਹੁਕਮਾਂ ਤੋਂ ਬੇਮੁੱਖ ਹੋਣਾ, ਨਾਮ ਬਾਣੀ ਛੱਡ ਬੈਠਣਾ- ਇਹ ਅਜਿਹਾ ਸਮਾਂ ਸੀ-

ਸਿੰਘਨ ਕੇ ਪੂਤ, ਸਿੰਘ ਨਾਮ ਮਜ਼ਬੂਤ ਵਾਲੇ,
ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈਂ॥

ਇਸ ਅਧੋਗਤੀ 'ਚੋਂ ਸਿੱਖ-ਪੰਥ ਨੂੰ ਉਭਾਰਨ ਲਈ 1857 ਈ: ਦੀ ਵਿਸਾਖੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਖੰਡੇ ਬਾਟੇ ਦਾ ਅੰਮ੍ਰਿਤ ਸਿੱਖਾਂ ਨੂੰ ਛਕਾਇਆ। ਭਾਈ ਰਾਇ ਸਿੰਘ ਜੀ ਨੂੰ ਹਜ਼ੂਰ ਸਾਹਿਬ ਭੇਜਕੇ ਸ੍ਰੀ ਦਸਮੇਸ਼ ਪਾਤਸ਼ਾਹ ਦੀ ਰਹਿਤ ਮਰਿਯਾਦਾ ਮੰਗਵਾਕੇ ਪੰਜਾਬ ਵਿਚ ਪ੍ਰਚਲਿਤ ਕੀਤੀ। ਗੁਰਸਿੱਖੀ ਦਾ ਪ੍ਰਚਾਰ ਆਰੰਭਿਆ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ- ਪੰਥ ਪ੍ਰਕਾਸ਼ ਵਿਚ ਆਪਦੇ ਪ੍ਰਚਾਰ ਬਾਰੇ ਲਿਖਦੇ ਹਨ-

ਪਾਇ ਏਹੁ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਮ੍ਰਿਗ੍ਰੇਸ ਉਪਦੇਸ ਦੈਨ ਲਾਗਿਓ।
ਹੁੱਕੇ ਛੁਡਵਾਏ, ਰਖਵਾਏ ਕੇਸ ਮੋਨਿਓਂ ਕੇ,
ਸੁਧਾ ਛਕਥਾਏ, ਸਿੱਖ ਭਾਗ ਜਿਨੈ ਜਾਗਿਓ॥
ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿਖ ਪੰਥ ਬਿਰਧਾਨੋ, ਨਾਮ ਰਸ ਪਾਗਓ॥
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਜਾਰੀ,
ਠੱਗੀ ਤੱਜ ਥੀਏ ਸੰਤ, ਸਤਿਜੁਗ ਆ ਗਇਓ॥

ਖਾਲਸੇ ਦੀ ਨਿਆਰੀ ਸ਼ਾਨ ਅਤੇ ਪਹਿਚਾਣ ਫਿਰ ਸਥਾਪਿਤ ਹੋ ਗਈ ਇਸੇ ਵੈਸਾਖੀ ਵਾਲੇ ਦਿਨ 1857ਈ. ਨੂੰ ਹੀ ਸ੍ਰੀ

ਭੈਣੀ ਸਾਹਿਬ ਤੋਂ ਹੀ ਪਹਿਲਾ ਬਹੁਮੁਖੀ ਆਜ਼ਾਦੀ ਸੰਗ੍ਰਾਮ ਸ਼ੁਰੂ ਹੋਇਆ। ਐਨਸਾਇਕਲੋਪੀਡੀਆ ਬ੍ਰਿਟੈਨਿਕਾ ਵਿਚ ਦਰਜ ਹੈ ਕਿ ਅੰਗ੍ਰੇਜ਼ੀ ਵਪਾਰ ਅਤੇ ਸਰਕਾਰ ਨਾਲ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਸਿਆਸੀ ਹਥਿਆਰ ਵਜੋਂ ਵਰਤਣ ਵਾਲਾ ਗੁਰੂ ਰਾਮ ਸਿੰਘ ਪਹਿਲਾ ਭਾਰਤੀ ਹੈ।- ਗਿਆਨੀ ਗਿਆਨ ਸਿੰਘ ਜੀ ਵੀ ਨਾਮਧਾਰੀ-ਸਿੱਖਾਂ ਦੀ ਪਹਿਚਾਣ ਅਤੇ ਉਦੇਸ਼ ਬਾਰੇ ਲਿਖਦੇ ਹਨ-

ਦਸਮੇ ਗੁਰੂ ਕੇ ਸਿੰਘ, ਸਾਦਕ ਸਹੀ ਹੈਂ ਸਬ,
ਲਾਲਸਾ ਵਲਾਮ ਰਾਜ ਲੈਨੇ ਕੀ ਅਚੂਕੇ ਹੈਂ॥
ਹੇਰੇ ਜੈਸੇ ਲਖਨ ਹੈਂ, ਟੇਰੇ ਤੈਸੇ ਗਯਾਨ ਸਿੰਘ,
ਐਸੇ ਪਰਸਿੱਧ ਹੀ ਅਬਿਧ ਸਿੱਖ ਕੂਕੇ ਹੈਂ॥

ਨਾਮਧਾਰੀ-ਸਿਖਾਂ ਨੇ ਕੁਰਬਾਨੀਆਂ ਭਰਿਆ ਗੌਰਵਮਈ ਸਿੱਖ ਇਤਿਹਾਸ ਦੁਹਰਾਇਆ। Flywell publication ਵਲੋਂ 2008 ਵਿਚ ਚਾਰ ਅਮਰੀਕਨ ਲੇਖਕਾਂ ਦੀ ਛਪੀ ਵਡ-ਅਕਾਰੀ ਪੁਸਤਕ-1000 Years, 1000 People' ਜਿਸ ਵਿਚ ਪਿਛਲੇ ਇਕ ਹਜ਼ਾਰ ਵਰ੍ਹੇ ਦੇ ਵਿਸ਼ਵ ਦੇ 1000 ਪ੍ਰਸਿੱਧ ਵਿਅਕਤੀਆਂ ਬਾਰੇ ਲਿਖਿਆ ਹੈ ਜਿਸ ਵਿਚ 13 ਵਿਅਕਤੀ ਭਾਰਤੀ ਹਨ। ਸਾਰੇ ਸਿੱਖ ਸਮਾਜ ਵਾਸਤੇ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਤੇਰਾਂ ਭਾਰਤੀਆਂ ਵਿਚ ਇਕੋ ਇਕ ਪੰਜਾਬੀ ਅਤੇ ਸਿੱਖ ਸਤਿਗੁਰੂ ਰਾਮ ਸਿੰਘ ਜੀ ਦਾ ਜਿਕਰ ਹੈ।


ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਬਤ ਸੂਰਤ ਸਿੱਖੀ ਸਰੂਪ ਨੂੰ ਵੱਖੋ-ਵੱਖ ਖੇਤਰਾਂ ਵਿਚ ਮਾਣ ਯੋਗ ਪਛਾਣ ਦਿਵਾਈ ਹੈ। ਸ਼ਾਸ਼ਤ੍ਰੀ ਸੰਗੀਤ ਦੀਆਂ ਸਟੇਜਾਂ ਤੇ ਸਿੱਖੀ ਸਰੂਪ ਨੂੰ ਪੁਚਾਇਆ ਹੈ, ਗੁਰਮਤਿ ਕੀਰਤਨ ਦੀਆਂ ਪੁਰਾਤਨ ਰੀਤਾਂ ਦੀ ਸਾਂਭ ਸੰਭਾਲ ਅਤੇ ਪ੍ਰਚਾਰ ਪ੍ਰਸਾਰ ਕੀਤਾ ਹੈ। ਸ੍ਰੀ ਦਸਮੇਸ਼ ਪਾਤਸ਼ਾਹ ਦੀ ਬਖ਼ਸ਼ੀ ਗੁਰਮੁਖੀ ਦਸਤਾਰ ਅਤੇ ਕਛਹਿਰੇ ਨੂੰ ਅੰਤਰ-ਰਾਸ਼ਟਰੀ ਹਾਕੀ ਦੇ ਮੈਦਾਨਾਂ ਤੱਕ ਪੁਚਾਉਣ ਦਾ ਮਾਣ ਕੇਵਲ ਨਾਮਧਾਰੀ ਸਿੱਖਾਂ ਨੂੰ ਹੀ ਪ੍ਰਾਪਤ ਹੋਇਆ ਹੈ। ਸਿੱਖ ਸਮਾਜ ਦੇ ਵਰਤਮਾਨ ਰਹਿਨੁਮਾ ਸਤਿਗੁਰੂ ਉਦੇ ਸਿੰਘ ਦੀ ਸੁਯੋਗ ਅਗਵਾਈ ਹੇਠ ਸਿੱਖੀ ਸਰੂਪ, ਪਰੰਪਰਾਵਾਂ ਅਤੇ ਸਭਿਆਚਾਰ ਸੁਰੱਖਿਅਤ ਹੈ।

ਜੇ ਨਾਮਧਾਰੀ ਸਿੰਘਾਂ ਨੇ ਸ਼ਹੀਦੀਆਂ ਦੇ ਕੇ ਖਾਲਸੇ ਦਾ ਕੁਰਬਾਨੀਆਂ ਭਰਿਆ ਇਤਿਹਾਸ ਦੁਹਰਾਇਆ ਤਾਂ ਜ਼ਾਲਮ ਸਾਮਰਾਜੀ ਹਕੂਮਤ ਨੇ ਜ਼ੁਲਮ ਦੇ ਇਤਿਹਾਸ ਨੂੰ ਦੁਹਰਾਇਆ। ਜਿਵੇਂ 1872 ਜਨਵਰੀ ਵਿਚ ਐਲ.ਕਾਵਨ ਡਿਪਟੀ ਲੁਧਿਆਣਾ ਨੇ ਬਿਨ੍ਹਾ ਮੁਕਦਮਾਂ ਚਲਾਏ 66 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾ ਦਿੱਤਾ। ਏਸੇ ਤਰ੍ਹਾਂ ਜਨਰਲ ਉਡਵਾਇਰ ਨੇ ਜਲ੍ਹਿਆਂਵਾਲੇ ਬਾਗ ਵਿਚ ਇਕ ਜਲਸੇ ਵਿਚ ਇਕੱਠੇ ਹੋਏ ਸੈਂਕੜੇ ਨਿਰਦੋਸ਼ ਭਾਰਤੀਆਂ ਨੂੰ ਗੋਲੀਆਂ ਨਾਲ ਉਡਾ ਦਿੱਤਾ। ਸਾਲ 2019 ਜਲ੍ਹਿਆਂ ਵਾਲੇ ਸ਼ਹੀਦੀ ਸਾਕੇ ਦੇ ਸ਼ਤਾਬਦੀ ਵਰ੍ਹੇ ਤੇ ਦੇਸ਼ ਕੌਮ ਲਈ ਕੁਰਬਾਨ ਹੋਏ ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹਾਂ। ਇਸ ਸ਼ਤਾਬਦੀ ਵਰ੍ਹੇ 'ਤੇ ਸਾਨੂੰ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਕਾਇਮ ਕਰਨ ਲਈ ਪ੍ਰਤੀਬੱਧ ਹੋਣਾ ਚਾਹੀਦਾ ਹੈ। ਇਸ ਅੰਕ ਵਿਚ ਪਾਠਕਾਂ ਨੂੰ ਸ਼ਹੀਦੀ ਸਾਕਾ ਜ਼ਲ੍ਹਿਆਂ ਵਾਲਾ ਬਾਗ ਬਾਰੇ ਖੋਜ ਭਰਪੂਰ ਸਮੱਗਰੀ ਪੜ੍ਹਨ ਨੂੰ ਮਿਲੇਗੀ। ਇਨ੍ਹਾਂ ਲੇਖਾਂ ਲਈ ਸ.ਗੁਰਦੇਵ ਸਿੰਘ ਸਿੱਧੂ, ਸ.ਸੁਵਰਨ ਸਿੰਘ ਵਿਰਕ, ਸ.ਦੇਵਿੰਦਰ ਸਿੰਘ ਗਿੱਲ, ਅਤੇ ਨੌਜੁਆਨ ਆਲਾ ਸਿੰਘ ਧੰਨਵਾਦ ਦੇ ਪਾਤਰ ਹਨ। ਵੈਸਾਖੀ ਦਾ ਦਿਹਾੜਾ ਸਾਨੂੰ ਹੱਕ-ਸੱਚ ਦੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਦੇਂਦਾ ਹੈ। ਇਹੋ ਸੱਚ ਦਾ ਮਾਰਗ ਹੈ ਜਿਸ ਤੇ ਚੱਲਣ ਵਾਲਿਆਂ ਦੀਆਂ ਕੁਰਬਾਨੀਆਂ ਨਾਲ ਸਿੱਖ ਇਤਿਹਾਸ ਭਰਿਆ ਹੋਇਆ ਹੈ-

ਜੇ ਚਲਣੈਂ ਸੱਚ ਦੇ ਰਾਹ ਤੇ
ਇਹਦੇ ਹਰ ਮੋੜ ਦੇ ਉੱਤੇ,
ਕਦੇ ਸਰਹੰਦ ਆਵੇਗੀ,
ਕਦੇ ਚਮਕੌਰ ਆਵੇਗਾ॥

**- ਹਰਪਾਲ ਸਿੰਘ ਸੇਵਕ**
**ਸ੍ਰੀ ਭੈਣੀ ਸਾਹਿਬ**
**ਸੰਪ: 94176-01321**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰ ਭਾਈ ਖਾਲਸਾ ਜੀ ਸਾਰੀ ਸੰਗਤ ਨੁ ਏਹੁ ਹੁਕਮ ਹੈ ਜੋ ਸਭਨੇ ਤਾ ਬਾਣੀ ਕੰਠ ਕਰਨੀ ਬੁਢੇ ਬਾਲੇ ਨੇ ਅਰੁ ਪਿਛਲੀ ਰਾਤ ਉਠ ਕੇ ਜਰੂਰ ਇਸਨਾਨੁ ਕਰਨਾ, ਜਨਾਨੇ ਮਰਦਾਨੇ ਜਰੂਰ ਬਾਣੀ ਕੰਠ ਕਰਨੀ। ਹਰਿਦਾਸ ਏਹੁ ਸਰਬਤ ਸੰਗਤ ਨੂੰ ਸੁਣਾਇ ਦੇਣੀ। ਜੇ ਬਣਿ ਆਵੇ ਤਾ ਪੰਜ ਗਰੰਥ ਕੰਠ ਕਰਨੇ ਨਹੀ ਤਾ ਜਪੁ, ਜਾਪੁ, ਰਹਿਰਾਸ, ਆਰਤੀ ਸੋਹਿਲਾ, ਆਸਾਦੀ ਵਾਰ, ਸੁਖਮਨੀ ਜਰੂਰ ਕੰਠ ਕਰਨੇ ਅਰੁ ਨਿਤ ਨਾਇਕੇ ਝਲਾਗੇ ਪੜਨੇ ਅਰੁ ਲੜਕੀ ਲੜਕੇ ਨੂ ਅਖਰ ਪੜਾਉਣੇ। ਫੇਰ ਬਾਣੀ ਕੰਠ ਕਰਨੀ ਅਰੁ ਗਰੰਥ ਸਾਹਿਬ ਦਾ ਭੋਗ ਪਾਉਣਾ, ਜਥਾ ਸਕਤਿ ਪ੍ਰਸਾਦਿ ਕਰਨਾ।

ਏਸ ਰੀਤ ਦੇ ਵਿਚ ਜੋ ਚਲੇਗਾ ਭਾਈ ਖਾਲਸਾ ਜੀ ਉਸਨੂ ਦੁਖ ਬੀ ਨਾ ਹੋਉਗਾ। ਸੈ ਉਪਾਧਾ ਉਸਦੇ ਸਿਰੋ ਟਲ ਜਾਣਗੀਆ, ਏਹੁ ਬਚਨ ਮੇਰੇ ਜਰੂਰ ਮੰਨਣੇ। ਏਹੁ ਨਫੇ ਬਡੇ ਦਾ ਕੰਮ ਹੈ। ਦੇਖੋ ਭਜਨ ਬਾਣੀ ਦਾ ਐਸਾ ਪ੍ਰਤਾਪ ਹੈ, ਅਸੀ ਕੈਦ ਤਾ ਹੋਇ ਗਏ ਹਾ, ਕਿਸੇ ਕਰਮ ਨੇ ਕਰਾਇ ਦਿਤੇ ਸਾਡੇ ਨੇ, ਹੋਰ ਕਿਸੇ ਨੂ ਕੀ ਆਖਣਾ ਹੈ, ਪਰ ਏਥੇ ਬੀ ਸਾਨੂ ਤਾ ਬਡਾ ਸੁਖ ਹੈ। ਬਾਣੀ ਜਰੂਰ ਸਭ ਨੇ ਕੰਠ ਕਰਨੀ। ਰਾਤ ਨੂ ਕਠੇ ਹੋ ਕੇ ਸਬਦ ਜੋਟੀਆ ਨਾਲ ਪੜਨੇ। ਦੇਖੋ ਸਮਾ ਐਸਾ ਈ ਹੈ, ਮੂਰਖ ਲੋਗ ਆਧੇ ਹੈਨ ਏਹੁ ਰੋਲਾ ਪਾਉਦੇ ਹੈਨ। ਇਹੁ ਰੋਲਾ ਤਾ ਨਹੀ, ਦੇਖੋ ਏਨਾ ਲੋਕਾ ਨੂ ਗੁਰੂ ਰੋਲਾ ਬੀ ਦਿਖਾਲ ਦੇਊਗਾ। ਗੁਰੂ ਦੇ ਘਰ ਸਭੋ ਕੁਛ ਬਥੇਰਾ ਹੈ, ਕਿਸੇ ਬਾਤ ਦੀ ਕਮੀ ਨਹੀ।

## ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

### ਹੋਲਾ ਮਹੱਲਾ ਮੇਲਾ (ਸ੍ਰੀ ਭੈਣੀ ਸਾਹਿਬ) – 2019

ਪਰਮ ਸਤਿਕਾਰ ਯੋਗ ਸਾਧਸੰਗਤ ਜੀ ਹੋਲੇ ਮਹੱਲੇ ਦਾ ਇਹ ਪੁਰਬ ਸੰਪੂਰਨ ਹੋਣ ਤੇ ਹੈ। ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਤੇ ਸਾਧਸੰਗਤ ਦੀ ਹਿੰਮਤ ਨਾਲ ਜਿਹੜੀ ਸੱਚੇ ਪਾਤਸ਼ਾਹ ਦੀ ਦਿੱਤੀ ਹੋਈ ਹੈ। ਇੰਨਾ ਸੋਹਣਾ ਮਾਹੌਲ ਬਣਿਆ ਹੋਇਆ ਹੈ। ਪਿੱਛਲੇ ਤਿੰਨ ਚਾਰ ਦਿਨਾਂ ਤੋਂ ਤੁਸੀਂ ਨਾਮ ਸਿਮਰਨ ਕਰਦੇ ਹੋ, ਕੀਰਤਨ ਸੁਣਦੇ ਹੋ, ਹਰਜਸ ਸੁਣਦੇ ਹੋ ਸਤਿਗੁਰੂ ਸੱਚੇ ਪਾਤਸ਼ਾਹ ਦੀਆ ਸਾਖੀਆਂ ਸੁਣਦੇ ਹੋ, ਇਹ ਸਾਡੇ ਵੱਡੇ ਭਾਗ ਨੇ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਹੈ, ਕਲ ਪਰਸੋਂ ਸ਼ਾਇਦ ਵਿਰਕ ਜੀ ਗੱਲ ਕਰ ਰਹੇ ਸੀ ਜਾਂ ਸੰਤ ਨਿਸ਼ਾਨ ਸਿੰਘ ਹੋਰਾਂ ਕੀਤੀ ਸੀ ਕਿ ਹੋਲੇ ਮਹੱਲੇ ਦੇ ਪੁਰਬ ਦੀ ਸ਼ੁਰੂਆਤ, ਹੋਲੀ ਤੋਂ ਹੋਲਾ ਬਦਲਿਆ, ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਕਿਰਪਾ ਕੀਤੀ। ਅਨੰਦਪੁਰ ਸਾਹਿਬ ਵਿਚ ਹੋਲੇ ਮਹੱਲੇ ਦੀ ਸ਼ੁਰੂਆਤ ਹੋਈ ਸਿੱਖਾਂ ਵਿਚ। ਉਸ ਤੋਂ ਬਾਦ ਬਹੁਤ ਲੰਮਾ ਚਿਰ ਸ਼ਾਇਦ ਕੁਝ ਸੌ ਸਾਲ ਇਤਿਹਾਸ ਵਿਚ ਇਹ ਕਿਤੇ ਮਿਲਦਾ ਨਹੀ ਕਿ ਹੋਲੇ ਹੁੰਦੇ ਰਹੇ। ਉਸ ਹੋਲੇ ਨੂੰ ਪੁਨਰ ਸੁਰਜੀਤ ਕੀਤਾ, ਉਸ ਸਿੱਖੀ ਨੂੰ ਪੁਨਰ ਸੁਰਜੀਤ ਕੀਤਾ, ਬਾਰਵੇਂ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਉਸ ਤੋਂ ਬਾਦ ਹੋਲਾ, ਵਿੱਚੋਂ ਜਦੋਂ ਸਖਤੀਆਂ ਹੋਈਆਂ ਅੰਗਰੇਜ ਦੇ ਟਾਈਮ, ਓਹਨੂੰ ਛੱਡਕੇ ਉਸ ਤਰਾਂ ਹੀ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਦੇ ਟਾਈਮ, ਫਿਰ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਟਾਈਮ ਤੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਟਾਈਮ ਇਸ ਤਰ੍ਹਾਂ ਹੀ ਹੋਲਾ ਚੱਲਦਾ ਰਿਹਾ ਇਹ ਓਨਾ ਦੀ ਬਖਸ਼ਿਸ਼ ਹੈ ਔਰ ਇਸ ਹੋਲੇ ਦੀ ਸੋਭਾ ਇਹ ਹੈ ਕਿ ਇਸ ਹੋਲੇ ਤੇ ਹਰਜਸ ਹੁੰਦਾ ਹੈ ਇਸ ਹੋਲੇ ਤੇ ਨਾਮ ਸਿਮਰਨ ਹੁੰਦਾ ਹੈ ਇਸ ਹੋਲੇ ਤੇ ਉਹ ਹੁੰਦਾ ਹੈ ਕਿ ਜਦੋਂ ਆਪਾਂ ਨੂੰ ਉਸ ਮਾਇਆ ਤੋਂ ਨਿਕਲ ਕੇ ਸਤਿਗੁਰੂ ਸੱਚੇ ਪਾਤਸ਼ਾਹ ਨੂੰ, ਉਹ ਜਨਮ ਦੇਣ ਵਾਲੇ ਪ੍ਰਮਾਤਮਾ ਨੂੰ ਯਾਦ ਕਰਨ ਦਾ ਮੌਕਾ ਮਿਲਦਾ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਬੜੇ ਜ਼ੋਰ ਨਾਲ ਹੁਕਮ ਕਰਦੇ ਹੁੰਦੇ ਸੀ ਕਿ ਸਾਡੇ ਮੇਲਿਆਂ ਵਿਚ ਕੋਈ ਦੁਕਾਨਾਂ ਨਾ ਹੋਣ। ਸਾਡੀ ਦਰਿਸ਼ਟੀ ਹੋਰ ਕਿਸੇ ਪਾਸੇ ਨਾ ਜਾਵੇ ਅਸੀਂ ਐਥੇ ਹਰ ਜਸ ਕਰਨ ਆਈਏ, ਨਾਮ ਸਿਮਰਨ ਕਰਨ ਆਈਏ ਤੇ ਓਥੇ ਹੀ ਸਾਡਾ ਮਨ ਰਵੇ। ਸਤਿਗੁਰੂ ਪ੍ਰਤਾਪ ਸਿੰਘ ਸਚੇ ਪਾਤਸ਼ਾਹ ਨੂੰ ਯਾਦ ਕਰਦਿਆਂ ਹੋਇਆਂ ਓਨਾਂ ਦੇ ਉਪਦੇਸ਼ ਵਿਚ ਆਉਂਦਾ ਹੈ ਕਿ ਮਾਵਾਂ ਦੀ ਬੜੀ ਵੱਡੀ ਜਿੰਮੇਵਾਰੀ ਹੈ ਕਿ ਸਾਡੇ ਬੱਚੇ ਸਿੱਖ ਬਣ ਜਾਣ। ਓਹੀ ਗੱਲ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਇਸ ਰੂਪ ਵਿਚ ਦੁਹਰਾਈ ਕਿ ਤੁਹਾਡਾ ਜੀ ਕਰਦਾ ਹੈ ਕਿ ਸਾਡੇ

ਬੱਚੇ ਸਾਡੇ ਤੋਂ ਜਿਆਦਾ ਸਫਲ ਹੋਣ, ਸਾਡੇ ਬੱਚਿਆਂ ਕੋਲ ਜਾਇਦਾਦ ਸਾਡੇ ਨਾਲੋਂ ਜਿਆਦਾ ਹੋਵੇ, ਤੇ ਮਨ ਵਿਚ ਅਸੀਂ ਇਹ ਕਰ ਲਈਏ ਕਿ ਸਾਡੇ ਬੱਚੇ ਸਾਡੇ ਤੋਂ ਹੋਰ ਚੰਗੇ ਸਿੱਖ ਹੋਣ, ਉਹ ਗੱਲ ਕਰਦਿਆਂ ਜਦੋਂ ਵਿਰਕ ਜੀ ਨੇ ਕਿਹਾ ਕਿ ਮੇਰੇ ਬਾਪੂ ਜੀ ਰੋਜ ਸਾਖੀ ਸੁਣਾਉਂਦੇ ਸੀ, ਮਨ ਚ ਆਇਆ ਕਿ ਜੇ ਮਾਤਾ ਪਿਤਾ ਨਿਯਮ ਬਣਾ ਸਕਦੇ ਨੇ ਕਿ ਅਸੀਂ ਬੱਚੇ ਨੂੰ ਰੋਜ ਕਿਸੇ ਵੀ ਸੱਚੇ ਪਾਤਸ਼ਾਹ ਦੀ ਸਾਖੀ ਸੁਨਾਉਣੀ ਹੈ ਜੇ ਅਸੀਂ ਰੋਜ ਸਾਖੀ ਸਣਾਉਣ ਲੱਗ ਜਾਈਏ ਬਚਪਨ ਵਿੱਚ ਉਹ ਬੱਚਾ ਪੰਜ ਸਾਲ, ਸੱਤ ਸਾਲ, ਦਸ ਸਾਲ ਸੁਣਦਾ ਰਹਿੰਦਾ ਹੈ ਉਸਨੂੰ ਕਿੰਨਾ ਗੁਰੂ ਇਤਿਹਾਸ ਯਾਦ ਹੋ ਜਾਏਗਾ, ਉਸ ਟਾਈਮ ਤੇ ਉਹ ਨੀਹਾਂ ਪੱਕ ਜਾਣਗੀਆਂ, ਜੇ ਤੁਸੀਂ ਬੱਚੇ ਨੂੰ ਵੀਹ ਸਾਲ, ਬਾਈ ਸਾਲ ਹੋਣ ਤਕ ਕੋਈ ਗੱਲ ਨਹੀਂ ਕੀਤੀ ਫਿਰ ਤੁਸੀਂ ਉਸ ਨੂੰ ਸਾਖੀਆਂ ਸੁਨਾਉਣੀਆਂ ਚਾਹੋਗੇ ਫਿਰ ਗੁਰਮਤਿ ਦੀ ਗੱਲ ਕਰੋਗੇ, ਉਸ ਤੇ ਮਾਇਆ ਦਾ ਪ੍ਰਭਾਵ ਐਨਾ ਪੈ ਚੁੱਕਾ ਹੁੰਦਾ ਹੈ ਕਿ ਫਿਰ ਉਹ ਸਾਖੀਆਂ ਸੁਨਣ ਨੂੰ ਦਿਲ ਹੀ ਨਹੀਂ ਕਰਦਾ, ਉਸ ਪਾਸੇ ਨੂੰ ਤੁਰਦਾ ਹੀ ਨਹੀਂ। ਸਤਿਗੁਰੂ ਸੱਚੇ ਪਾਤਸ਼ਾਹ ਸਾਨੂੰ ਹਰੀ ਦੀ ਭਗਤੀ ਕਰਾਉਂਦੇ ਨੇ ਸਾਨੂੰ ਹਰੀ ਦੇ ਨਾਲ ਜੋੜਦੇ ਨੇ। ਬਖਸ਼ਿਸ਼ ਕਰਦੇ ਨੇ ਇਕ ਗਲ ਹੋਰ ਕਿ ਕਿਸ ਤਰ੍ਹਾਂ ਸੱਚੇ ਪਾਤਸ਼ਾਹ ਦੇ ਹੁਕਮ ਸਾਨੂੰ ਚੰਗਾ ਇਨਸਾਨ ਬਣਨ ਵੱਲ ਲਿਜਾਂਦੇ ਨੇ, ਸਾਨੂੰ ਚੰਗਾ ਸਿੱਖ ਬਣਨ ਵੱਲ ਲਿਜਾਂਦੇ ਨੇ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਦਾ ਹੁਕਮਨਾਮਾ ਆਪਾਂ ਬਹੁਤ ਵਾਰ ਸੁਣਿਆ ਹੋਣਾ ਹੈ, ਸੁਣਦਿਆਂ ਆਪਾਂ ਧਿਆਨ ਨਹੀਂ ਦੇਂਦੇ ਸੱਚੇ ਪਾਤਸ਼ਾਹ ਹੁਕਮ ਕੀਤਾ ਹੈ " ਸੇਵਾ ਹਰ ਭੇਖ ਦੀ ਕਰਨੀ, ਨਿੰਦਿਆ ਵਾਲੇ ਨੂੰ ਨਿੰਦਿਆ ਦਾ ਫਲ ਸੇਵਾ ਵਾਲੇ ਨੂੰ ਸੇਵਾ ਦਾ ਫ਼ਲ। " ਇਸ ਛੋਟੀ ਜਿਹੀ ਗਲ ਵਿਚ ਕਿੱਡੀ ਵੱਡੀ ਇਨਸਾਨੀਅਤ ਆ ਜਾਂਦੀ ਹੈ ਕਿੱਡਾ ਵੱਡਾ ਧਰਮ ਆ ਜਾਂਦਾ ਹੈ ਅਤੇ ਇਹ ਹੁਕਮ ਸੁਣਕੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਸਿਰ ਆਪਣੇ ਆਪ ਹੀ ਝੁਕ ਜਾਂਦਾ ਹੈ ਜੇ ਅਸੀਂ ਏਨੀ ਕੁ ਗਲ ਤੇ ਚੱਲ ਸੱਕੀਏ, ਇਸ ਦੁਨੀਆ ਵਿਚ ਕਿੰਨੀ ਵੱਡੀ ਸ਼ਾਂਤੀ ਹੋ ਸਕਦੀ ਹੈ, ਇਸ ਦੁਨੀਆਂ ਵਿਚ ਕਿੰਨਾ ਵੱਡਾ ਸੁਖ ਹੋ ਸਕਦਾ ਹੈ ਕਿਉਂਕਿ ਸਾਡੇ ਅੰਦਰੋਂ ਈਰਖਾ ਨਿਕਲ ਜਾਂਦੀ ਹੈ ਜਦੋਂ ਸਾਡੇ ਮਨ ਵਿਚ ਇਹ ਆ ਜਾਂਦਾ ਹੈ ਕਿ ਮੈਂ ਸੇਵਾ ਕਰਨੀ ਹੈ ਮੈਨੂੰ ਸੇਵਾ ਦਾ ਫਲ ਮਿਲਣਾ ਹੈ, ਸਾਡੇ ਮਨ ਵਿਚ ਇਹ ਨਹੀਂ ਰਹਿੰਦਾ ਕਿ ਮੈਂ ਸੇਵਾ ਕੀਤੀ ਹੈ ਇਹ ਮੇਰੀ ਨਿੰਦਿਆ ਕਰ ਰਿਹਾ ਹੈ ਮੈਂ ਇਸਦੀ ਸੇਵਾ ਨਹੀਂ ਕਰਨੀ, ਉਹ ਸੱਚੇ ਪਾਤਸ਼ਾਹ ਦੇ ਛੋਟੇ ਜਿਹੇ ਹੁਕਮ ਵਿਚ ਕਿੰਨਾ ਵੱਡਾ ਧਰਮ ਆ ਜਾਂਦਾ ਹੈ। ਮੈਂ ਇਕ ਗਲ ਕਰਨੀ ਚਾਹਵਾਂਗਾ ਕਿ ਇਸ ਸੱਚੇ ਪਾਤਸ਼ਾਹ ਦੇ ਪੰਥ ਵਿਚ ਕਿਸੇ ਚੀਜ਼ ਦਾ ਘਾਟਾ ਨਹੀਂ, ਉਹ ਇਸ ਤਰਾਂ ਦੇ ਸਿੱਖ ਏਥੇ ਬੈਠੇ ਨੇ ਜਿਹੜੇ ਉਹਨਾਂ ਦੇ ਰੂਪ ਬਣ ਜਾਂਦੇ ਨੇ, ਜਿਹਨਾਂ ਦੀ ਅਵਸਥਾ ਬਹੁਤ ਉੱਚੀ ਹੋ ਜਾਂਦੀ ਹੈ। ਇਹ ਜੇਹੜਾ ਹੋਲਾ ਹੈ ਇਹ ਵੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਇਕ ਬੜੇ ਪਿਆਰੇ ਸਿੱਖ ਜਿਹਨਾਂ ਤੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਅਪਾਰ ਕਿਰਪਾ ਕੀਤੀ, ਸੂਬਾ ਰੇਸ਼ਮ ਸਿੰਘ ਵੱਲੋਂ ਹੋਇਆ ਹੈ ਉਹ ਕਿਸੇ ਨਾਮਧਾਰੀ ਪਰਿਵਾਰ ਚੋਂ ਨਹੀਂ ਆਏ, ਕਿਸੇ ਬੜੇ ਅਮੀਰ ਪਰਿਵਾਰ ਚੋਂ ਨਹੀਂ ਆਏ, ਇਹ ਦੇਖੀਏ ਕਿ ਉਹ ਸਤਿਗੁਰੂ ਸੱਚੇ ਪਾਤਸ਼ਾਹ ਨੇ ਕਿਸ ਤਰਾਂ ਕਿਰਪਾ ਕੀਤੀ। ਕਿਥੋਂ-ਕਿਥੋਂ ਉਹਨਾਂ ਆਉਣਾ ਸੀ, ਕਿਸ ਤਰਾਂ ਉਹਨਾਂ ਤੇ ਬਖਸ਼ਿਸ਼ ਹੋਣੀ ਸੀ, ਸੱਚੇ ਪਾਤਸ਼ਾਹ ਦੇ ਉਪਦੇਸ਼ ਵਿੱਚ ਆਉਂਦਾ ਹੈ ਕਿ ਉਹ ਨਾਮਧਾਰੀ ਨਹੀਂ ਸੀ ਨਾਮਧਾਰੀ ਬਣਿਆ ਹੈ, ਫਿਰ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ ਕਿ ਉਹ ਸੈਣੀ ਮੁੰਡਾ, ਕੈਨੇਡਾ ਜਾ ਕੇ ਉਹਨੇ ਨਾਮਧਾਰੀ ਵਰਦੀ ਰੱਖੀ ਹੈ ਇਸ ਤਰਾਂ ਹੁਕਮ ਕਰਕੇ ਆਪਣੇ ਸਿੱਖ ਨੂੰ ਮਾਣ ਦਿੰਦੇ ਨੇ ਕਿ ਉਹਨੇ ਉਥੇ ਪੈਂਟ ਬੁਰਸ਼ਟ ਨਹੀਂ ਪਾਈ ਜੇ ਉਹਨੂੰ ਥੋੜੇ ਦਿਨ ਮਜਬੂਰੀ ਰਹੀ ਹੈ, ਉਹਨੇ ਬਨੈਣ ਨਾਲ ਤੇ ਪੈਂਟ ਨਾਲ ਕੰਮ ਕਰ ਲਿਆ ਹੈ ਉਹਨੇ ਫਿਰ ਵੀ ਬੁਸ਼ਟ ਨਹੀਂ ਪਾਈ। ਸੱਚੇ ਪਾਤਸ਼ਾਹ ਇਸ ਤਰਾਂ ਉਹਨਾਂ ਨੂੰ ਮਾਣ ਦਿੱਤਾ ਹੈ ਉਹਨਾਂ ਨੂੰ ਪਿਆਰ ਦਿੱਤਾ ਹੈ ।

ਬੜੇ ਵੱਡੇ ਭਾਗਾਂ ਵਾਲੀ ਗਲ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਡੇਰਾ ਉਹਨਾਂ ਦੇ ਘਰ ਹੁੰਦਾ ਰਿਹਾ ਹੈ । ਉਹਨਾਂ ਨੇ ਉਹ ਖਿੜੇ ਮੱਥੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਸੇਵਾ ਤਾਂ ਹਰ ਕੋਈ ਕਰਦਾ ਹੀ ਹੈ ਪਰ ਉਹਨਾਂ ਦੇ ਸਿੱਖਾਂ ਦੀ ਵੀ ਸੇਵਾ ਕੀਤੀ ਉਹਨਾਂ ਦੇ ਘਰੋਂ ਬੀਬੀ ਰਾਣੀ ਵੀ, ਘਰ ਸੰਗਤ ਆ ਜਾਂਦੀ ਹੈ ਤਾਂ ਚਾਅ ਚੜ੍ਹ ਜਾਂਦਾ ਹੈ। ਉਹਨਾਂ ਵੱਲੋਂ ਅੱਜ ਇਹ ਹੋਲਾ ਹੋਇਆ ਹੈ। ਇਹ ਸਤਿਗੁਰੂ ਸੱਚੇ ਪਾਤਸ਼ਾਹ ਦੇ ਪਤਾ ਨਹੀਂ ਕਿੰਨੇ ਕੁ ਇਸ ਤਰ੍ਹਾਂ ਦੇ ਸਿੱਖ ਨੇ ਪਰ ਇਹ ਥੋੜੇ ਜਿਹੇ ਸਿੱਖਾਂ ਦਾ ਜਿਕਰ ਕਰਦਿਆਂ ਆਪਣੇ ਮਨ ਵਿਚ ਨਿਰਮਾਣਤਾ ਜਰੂਰ ਆ ਜਾਂਦੀ ਹੈ। ਸਤਿਗੁਰੂ ਕਿਰਪਾ ਕਰੇ ਉਹ ਮਾਇਆ ਦੇਵੇ ਪਰ ਮਾਇਆ ਸਾਡਾ ਆਧਾਰ ਨਾ ਬਣ ਜਾਵੇ ਉਹ ਮਾਇਆ ਸੇਵਾ ਤੇ ਲੱਗੇ। ਇਹ ਉਹਨਾਂ ਦੀ ਜਦੋਂ ਕਿਰਪਾ ਹੁੰਦੀ ਹੈ ਓਦੋਂ ਹੀ ਸੇਵਾ ਤੇ ਲੱਗਦੀ ਹੈ। ਉਦੋਂ ਹੀ ਦਾਨ ਦੇਣ ਨੂੰ ਜੀਅ ਕਰਦਾ ਹੈ, ਇਹ ਆਪਾਂ ਯਾਦ ਰੱਖੀਏ ਉਹਨਾਂ ਦੀ ਕਿਰਪਾ ਨਾਲ ਹੀ ਇਹ ਯਾਦ ਹੁੰਦਾ ਹੈ ਪਰ ਘੱਟੋ-ਘੱਟ ਅਰਦਾਸ ਇਹ ਕਰੀਏ ਕਿ ਤੂੰ ਮਾਇਆ ਦਿੰਦਾ ਹੈਂ, ਮਾਇਆ ਤੇਰੀ ਸੇਵਾ ਤੇ ਲੱਗੇ, ਕਿਸੇ ਲੋੜਵੰਦ ਦੀ ਸੇਵਾ ਤੇ ਲੱਗੇ ਕਿਉਂਕਿ ਲੋੜਵੰਦ ਦੀ ਸੇਵਾ ਵੀ ਉਹਨਾਂ ਦੀ ਸੇਵਾ ਹੀ ਹੈ। ਉਹ ਕਿਸੇ ਹੋਰ ਦੀ ਸੇਵਾ ਨਹੀਂ ਜਦੋਂ ਆਪਾਂ ਸ਼ਰਧਾ ਨਾਲ ਕਰਦੇ ਹਾਂ ਸੱਚੇ ਪਾਤਸ਼ਾਹ ਇਹ ਹੁਕਮ ਕਰਦੇ ਹੁੰਦੇ ਸੀ ਕਿ ਸੇਵਾ ਇਹ ਸੋਚ ਕੇ ਨਾ ਕਰੋ ਕਿ ਮੇਰਾ ਰਿਸ਼ਤੇਦਾਰ ਹੈ, ਉਹਦੀ ਸੇਵਾ ਕਰੋ, ਜਿਸ ਨੂੰ ਕੋਈ ਨਹੀਂ ਜਾਣਦਾ, ਜਿਸ ਨੂੰ ਕੋਈ ਨਹੀਂ ਪੁਛਦਾ, ਉਸਦੀ ਸੇਵਾ ਕਰੋ। ਇਹ ਸੇਵਾ ਵੀ ਉਹਨਾਂ ਨੇ ਕਰਾਉਣੀ ਹੈ। ਇਹ ਜਰੂਰ ਮੈਂ ਕਹਿਣਾ ਚਾਹਵਾਂਗਾ, ਸੱਚੇ ਪਾਤਸ਼ਾਹ ਦਾ

ਹੁਕਮ ਦ੍ਰਿੜਾਉਣਾ ਚਾਹਵਾਂਗਾ, ਅਸੀਂ ਇਸ ਚੀਜ਼ ਤੋਂ ਬੜੇ ਦੂਰ ਜਾਈ ਜਾਂਨੇ ਹਾਂ ਕਿ ਇਕ ਘੰਟਾ ਨਾਮ ਸਿਮਰਨ ਜਰੂਰ ਕਰਿਆ ਕਰੀਏ, ਸੰਤ ਬਲਬੀਰ ਸਿੰਘ ਹੋਰਾਂ ਨਾਮਧਾਰੀ ਦੀ ਗਲ ਕੀਤੀ ਸੀ, ਨਾਮ ਆਧਾਰੀ ਦੀ ਗੱਲ ਕੀਤੀ ਸੀ ਜਿਸਦਾ ਆਧਾਰ ਨਾਮ ਹੈ ਤੇ ਆਪਾਂ ਉਹ ਹੀ ਗੱਲ ਕਰਦੇ ਹਾਂ ਕਿ ਆਪਾਂ ਇਕ ਘੰਟਾ ਜਰੂਰ ਨਾਮ ਸਿਮਰਨ ਕਰੀਏ। ਕੋਈ ਵੀ ਨਾਮਧਾਰੀ ਉਸ ਚੀਜ਼ ਤੋਂ ਵਾਂਝਾ ਨਾ ਰਹੇ। ਸੱਚੇ ਪਾਤਸ਼ਾਹ ਜੀ ਦਾ ਇੱਥੋਂ ਤੱਕ ਹੁਕਮ ਸੀ ਕਿ ਕੋਈ ਛੋਟਾ ਬੱਚਾ ਹੈ ਜਿੰਨਾ ਚਿਰ ਆਪ ਨਹੀਂ ਕਰ ਸਕਦਾ, ਉਨਾਂ ਚਿਰ ਤੁਸੀਂ ਉਹਦੇ ਵੱਡੇ ਦਾ ਕਰੋ, ਹਰ ਜੀਅ ਪ੍ਰਤੀ ਇਕ ਇਕ ਘੰਟਾ ਨਾਮ ਸਿਮਰਨ ਜਰੂਰ ਹੋਵੇ, ਸੱਚੇ ਪਾਤਸ਼ਾਹ ਦਾ ਦੂਸਰਾ ਹੁਕਮ ਸੀ ਕਿ ਹਰ ਘਰ ਪ੍ਰਤੀ ਇਕ ਮਹੀਨੇ ਦਾ ਇਕ ਪਾਠ ਹੋਵੇ ਉਸ ਤੋਂ ਸ਼ਾਇਦ ਅਸੀਂ ਬਹੁਤ ਦੂਰ ਚਲੇ ਗਏ ਹਾਂ। ਸ਼ਾਇਦ ਬਹੁਤ ਘੱਟ ਘਰ ਹੋਣਗੇ ਜਿਹਨਾਂ ਵਿਚ ਕੋਈ ਪਾਠੀ ਹੈ, ਜਿਹੜੇ ਪਾਠ ਕਰਦੇ ਹੋਣਗੇ। ਉਹ ਤਾਂ ਹੋਰ ਵੀ ਘਟ ਹੋਣਗੇ ਪਰ ਅਸੀਂ ਗੁਰਬਾਣੀ ਤੋਂ ਦੂਰ ਜਾਈ ਜਾ ਰਹੇ ਹਾਂ ਇਸ ਕਰਕੇ ਮੇਰੀ ਅਰਜ਼ ਬੇਨਤੀ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਆਪਣੇ ਬੱਚੇ ਪਾਠੀ ਬਣਨ ਤੁਸੀਂ ਆਪਣੇ ਪਾਠ ਆਪ ਕਰਿਆ ਕਰੋ ਇਹ ਮੈਂ ਬੜੀ ਵਾਰੀ ਕਿਹਾ ਹੈ ਮੈਨੂੰ ਗੁਰਬਾਣੀ ਵਿਚੋਂ ਜਾਂ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ਾਂ ਵਿਚੋਂ ਇਹ ਗੱਲ ਨਹੀਂ ਲੱਭਦੀ ਕਿ ਸੌਦੇ ਵਾਂਗੂੰ ਪਾਠ ਖਰੀਦ ਕੇ ਭੋਗ ਪਾਈਏ, ਤੁਸੀਂ ਪਾਠ ਆਪ ਕਰੋ, ਤੁਸੀਂ ਆਪ ਗੁਰਬਾਣੀ ਪੜ੍ਹੋ, ਤੁਹਾਨੂੰ ਗੁਰਬਾਣੀ ਦੀ ਸਮਝ ਆਵੇ। ਅਸੀਂ ਆਪ ਪਾਠ ਕਰਕੇ ਆਪ ਭੋਗ ਪਵਾਈਏ, ਨਾ ਕਿ ਅਸੀਂ ਪਾਠ ਲੈ ਲਈਏ, ਕਿਸੇ ਨੇ ਕੀਤਾ ਹੈ, ਕਿਸੇ ਨੇ ਨਹੀਂ ਕੀਤਾ, ਉਸ ਚੀਜ ਤੋਂ ਅਸੀਂ ਬਾਹਰ ਨਿਕਲੀਏ। ਉਹ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੀ ਸਿੱਖੀ ਨਹੀਂ। ਇਹ ਕੋਸ਼ਿਸ਼ ਕਰੋ ਵੱਧ ਤੋਂ ਵੱਧ, ਜੇ ਬਾਕੀ ਪੜ੍ਹਾਈ ਕਰਵਾਉਂਦੇ ਹੋ ਤੇ ਸਾਡੇ ਬੱਚੇ ਪੰਜਾਬੀ ਵੀ ਪੜ੍ਹਨ ਸਾਡੇ ਬੱਚਿਆਂ ਨੂੰ ਗੁਰਬਾਣੀ ਵੀ ਆਉਂਦੀ ਹੋਵੇ। ਇਹ ਮੈਂ ਅਰਜ ਬੇਨਤੀ ਕਰਾਂਗਾ ਅਸੀਂ ਬਹੁਤ ਥਾਂ ਕਹਿੰਦੇ ਹਾਂ ਹੁਣ ਬੱਚਿਆਂ ਨੂੰ ਛੁੱਟੀਆਂ ਹੋਣ ਵਾਲੀਆਂ ਨੇ ਉਹਨਾਂ ਛੁੱਟੀਆਂ ਵਿਚ ਕੋਸ਼ਿਸ਼ ਕਰੋ ਕਿ ਤੁਹਾਡੇ ਬੱਚਿਆਂ ਨੂੰ ਘੱਟ ਤੋਂ ਘੱਟ ਗੁਰਬਾਣੀ ਦਾ ਪਾਠ ਆ ਜਾਵੇ, ਜਿਹੜੇ ਪੰਜ ਬਾਣੀਆਂ ਪੜ੍ਹ ਲੈਂਦੇ ਨੇ ਉਹ ਬੱਚੇ ਪਾਠੀ ਬਣ ਜਾਣ, ਇਲਾਕੇ ਦੇ ਸੂਬੇ ਸਾਹਿਬਾਨ ਇਲਾਕੇ ਦੇ ਪ੍ਰਧਾਨ ਪੁੱਛ ਲੈਣ, ਜਿਥੇ ਨਹੀਂ ਕੋਈ ਸਿਖਾਉਣ ਵਾਲਾ ਕਿਸੇ ਬੰਦੇ ਦੀ ਲੋੜ ਹੈ ਉਹ ਸਾਨੂੰ ਹੁਕਮ ਕਰਨ, ਅਸੀਂ ਭੈਣੀ ਸਾਹਿਬ ਤੋਂ ਭੇਜ ਦਿਆਂਗੇ ਕਿਸੇ ਨੂੰ, ਪਰ ਇਹ ਦੋ ਮਹੀਨਿਆਂ ਵਿਚ ਕਲਾਸਾਂ ਲੱਗਣ, ਬੱਚੇ ਪਾਠ ਸਿੱਖਣ, ਉਹ ਪਾਠ ਸਿਖਾਉਣ ਤੋਂ ਬਾਅਦ ਵਿਚ ਇਕ ਤੁਕ ਦਾ ਇਕ ਸ਼ਬਦ ਦਾ ਬੱਚਿਆਂ ਨੂੰ ਭਾਵ ਵੀ ਸਮਝਾਇਆ ਜਾਵੇ।

ਬੜੀ ਮਿਹਨਤ ਕਰਕੇ ਮਾਸਟਰ ਜੀ ਨੇ ਤੇ ਉਹਨਾਂ ਦੇ ਸਾਥੀਆਂ ਨੇ ਹਿੰਦੀ ਵਿਚ ਜਾਂ ਦੇਵਨਾਗਰੀ ਲਿੱਪੀ ਵਿਚ ਨਾਮਧਾਰੀ ਗੁਟਕਾ ਛਾਪਿਆ ਹੈ, ਜਿਹਨਾਂ ਨੂੰ ਪੰਜਾਬੀ ਨਹੀਂ ਆਉਂਦੀ, ਕਿਉਂਕਿ ਇਹ ਮਜਬੂਰੀ ਸੀ ਕਿ ਬਹੁਤ ਸਾਰੇ ਬੱਚੇ ਜਿਹੜੇ ਪੰਜਾਬ ਤੋਂ ਬਾਹਰ ਰਹਿੰਦੇ ਨੇ ਉਹਨਾਂ ਨੂੰ ਪੰਜਾਬੀ ਨਹੀਂ ਆਉਂਦੀ, ਉਹ ਗੁਟਕਾ ਐਥੋਂ ਜਰੂਰ ਲੈ ਕੇ ਜਾਣ ਜਿਹਨਾਂ ਨੂੰ ਪੰਜਾਬੀ ਨਹੀਂ ਆਉਂਦੀ ਉਹ ਹਿੰਦੀ ਦਾ ਗੁਟਕਾ ਸਤਿਜੁਗ ਦੇ ਸਟਾਲ ਤੋਂ ਲੈ ਲੈਣ। ਦੂਸਰਾ ਉਸ ਦਿਨ ਵੀ ਇਹ ਅਨਾਉਂਸਮੈਂਟ ਕੀਤੀ ਸੀ ਕਿ ਦਸਮ ਗ੍ਰੰਥ ਨੂੰ ਅਸੀਂ ਨਾਮਧਾਰੀ ਜੋ ਆਦਿ ਗ੍ਰੰਥ ਸਾਹਿਬ ਨੂੰ ਸਨਮਾਨ ਦਿੰਦੇ ਹਾਂ ਓਹੀ ਸਤਿਕਾਰ ਅਸੀਂ ਦਸਵੇਂ ਪਾਤਸ਼ਾਹ ਦੀ ਬਾਣੀ ਨੂੰ ਦਿੰਦੇ ਹਾਂ ਅਤੇ ਇਸ ਚੀਜ਼ ਨਾਲ ਵੀ ਸਾਨੂੰ ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਜੋੜਿਆ ਹੈ, ਦਸਮ ਗ੍ਰੰਥ ਦੀਆਂ ਬਾਣੀਆਂ ਨਾਲ ਅਸੀਂ ਹਵਨ ਕਰਦੇ ਹਾਂ, ਦਸਵੇਂ ਪਾਤਸ਼ਾਹ ਦੀਆਂ ਬਾਣੀਆਂ ਪੜਦੇ ਹਾਂ, ਅੰਮ੍ਰਿਤ ਬਣਾਉਂਦੇ ਹਾਂ, ਉਸ ਦਮਸ ਗ੍ਰੰਥ ਦੀ ਸ਼ੁਧਾਈ ਕਰਕੇ ਪਹਿਲੀ ਸੈਂਚੀ ਛਪੀ ਹੈ ਉਸਦੇ ਵਿਚ ਵੀ ਸੰਤ ਨਿਸ਼ਾਨ ਸਿੰਘ ਜੀ, ਮਾਸਟਰ ਦਰਸ਼ਨ ਸਿੰਘ ਜੀ, ਬਚਿੱਤਰ ਸਿੰਘ ਜੀ ਤੇ ਹੋਰ ਕਈਆਂ ਨੇ ਮੇਹਨਤ ਕੀਤੀ ਹੈ ਤੇ ਉਹ ਮੇਹਨਤ ਕਰਕੇ ਸ਼ੁਧਾਈ ਕਰਕੇ ਪਹਿਲੀ ਸੈਂਚੀ ਛਪ ਗਈ ਹੈ ਦੂਜੀ ਸੈਂਚੀ ਵੀ ਥੋੜੇ ਚਿਰ ਤੱਕ ਛਪ ਜਾਏਗੀ, ਆਪਣੇ ਵਿੱਚ ਦਮਸ ਗ੍ਰੰਥ ਦੇ ਵੀ ਪਾਠ ਹੋਇਆ ਕਰਨ ਜਿਹੜੇ ਵੀ ਆਦਿ ਗ੍ਰੰਥ ਸਾਹਿਬ ਦਾ ਪਾਠ ਕਰ ਲੈਂਦੇ ਨੇ, ਦਸਮ ਦਾ ਪਾਠ ਸਿੱਖਣ ਦੀ ਇੱਛਾ ਹੈ, ਉਹ ਦਸਮ ਗ੍ਰੰਥ ਦੀ ਵੀ ਸੈਂਚੀ ਐਥੋਂ ਲੈ ਕੇ ਜਾਣ ਤਾਂ ਕਿ ਆਪਾਂ ਉਸ ਤੋਂ ਵੱਧ ਤੋਂ ਵੱਧ ਲਾਭ ਉਠਾ ਸਕੀਏ ਤੇ ਸਾਡੇ ਵਿਚ ਦਸਵੇਂ ਪਾਤਸ਼ਾਹ ਜੀ ਦੀ ਬਾਣੀ ਵੀ ਉਸੇ ਤਰਾਂ ਚਲਦੀ ਰਹੇ ਜਿਵੇਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਚਲਦੀ ਹੈ। ਅਖੀਰ ਤੇ ਅਰਦਾਸ ਕਰਦਿਆਂ ਹੋਇਆਂ ਸਾਧ ਸੰਗਤ ਦਾ ਧੰਨਵਾਦ ਕਰਦਿਆਂ ਹੋਇਆਂ, ਜਿਹਨਾਂ ਨੇ ਸੇਵਾ ਕੀਤੀ ਹੈ, ਜੋੜਿਆਂ ਦੀ ਸੇਵਾ ਕੀਤੀ ਹੈ, ਲੰਗਰ ਦੀ ਸੇਵਾ ਕੀਤੀ ਹੈ, ਉਹ ਏਥੇ ਦਿਵਾਨ ਵਿਚ ਆ ਵੀ ਨਹੀਂ ਸਕੇ, ਸਤਿਗੁਰੂ ਸੱਚੇ ਪਾਤਸ਼ਾਹ ਉਹਨਾਂ ਤੋਂ ਆਪ ਸੇਵਾ ਲਈ ਹੈ, ਉਹਨਾਂ ਸਾਰਿਆਂ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਬਹੁਤ ਬਹੁਤ ਖੁਸ਼ੀਆਂ ਨੇ, ਉਹ ਕਿਰਪਾ ਕਰਨ ਸਾਨੂੰ ਇਹ ਖੁਸ਼ੀਆਂ ਦੇਣ ਇਹ ਸਾਡੇ ਤੋਂ ਸੇਵਾ ਲੈਣ ਤੇ ਸਾਨੂੰ ਇਹ ਹੀ ਮਹਿਸੂਸ ਹੋਵੇ ਕਿ ਉਹ ਹੈ ਤਾਂ ਸਦਾ ਹੀ ਸਾਡੇ ਅੰਗ ਸੰਗ ਨੇ ਪਰ ਅਸੀਂ ਉਹਨਾਂ ਨੂੰ ਸਦਾ ਹੀ ਆਪਣੇ ਅੰਗ ਸੰਗ ਮਹਿਸੂਸ ਕਰੀਏ, ਉਹਨਾਂ ਦੀਆਂ ਖੁਸ਼ੀਆਂ 'ਚ ਮੇਲੇ ਇਸ ਤਰਾਂ ਹੀ ਹੁੰਦੇ ਰਹਿਣ, ਉਹਨਾਂ ਦੀ ਯਾਦ ਕਦੇ ਨਾ ਭੁਲੇ, ਇਹ ਨਾਮ ਇਸ ਤਰਾਂ ਹੀ ਜਪਦੇ ਰਹੀਏ, ਇਹ ਬਖਸ਼ਿਸ਼ ਰਵੇ ਉਹਨਾਂ ਦੀ, ਇਹੀ ਅਰਜ ਕਰਕੇ ਤੁਹਾਡੇ ਸਾਰਿਆਂ ਦਾ ਧੰਨਵਾਦੀ ਹਾਂ ਤੁਹਾਡੇ ਸਾਰਿਆਂ ਤੋਂ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ।

## "ਨਾਲ ਲਹੂ ਦੇ ਸਿੰਜਿਆ ਬਾਗ ਕੌਮੀ"
## (ਸਾਕਾ ਜ਼ਲ੍ਹਿਆਂਵਾਲਾ ਬਾਗ ਦੀ ਪਹਿਲੀ ਸ਼ਤਾਬਦੀ)

✍- ਸੁਵਰਨ ਸਿੰਘ ਵਿਰਕ

ਭਾਰਤ ਵਿੱਚ ਬ੍ਰਿਟਿਸ਼ ਸਾਮਰਾਜਵਾਦੀ ਸੱਤਾ ਦੀ ਕਰੂਰਤਾ ਦਾ ਨੰਗਾ ਚਿੱਟਾ ਨਾਚ, ਜ਼ਲ੍ਹਿਆਂਵਾਲੇ ਬਾਗ ਦੇ ਸਾਕੇ ਨਾਲ ਹੋਇਆ। ਇਸ ਭਿਆਨਕ ਸਾਕੇ ਦੀ ਪਹਿਲੀ ਸ਼ਤਾਬਦੀ ਐਤਕੀਂ 13 ਅਪਰੈਲ ਨੂੰ ਰਿਣੀ ਦੇਸ਼ ਵਾਸੀ ਮਨਾ ਰਹੇ ਹਨ। ਪੰਜਾਬ ਦੇ ਵਿੱਚ ਇਸਨੂੰ "ਖ਼ੂਨੀ ਵਿਸਾਖੀ" ਦੇ ਤੌਰ 'ਤੇ ਵੀ ਯਾਦ ਕੀਤਾ ਜਾਂਦਾ ਹੈ। ਪੰਜਾਬ ਦੇ ਇਤਿਹਾਸ ਵਿੱਚ ਤਿੰਨ ਵਿਸਾਖੀ ਦਿਵਸ ਬਹੁਤ ਮਹੱਤਵਪੂਰਨ ਹਨ। ਪਹਿਲਾ 30 ਮਾਰਚ 1699 ਦੀ ਅਨੰਦਪੁਰ ਸਾਹਿਬ ਦੀ ਵਿਸਾਖੀ, ਜਿਸ ਦਿਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ, ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ। ਦੂਸਰਾ 12 ਅਪਰੈਲ 1857 ਈ. ਦਾ ਵਿਸਾਖੀ ਦਾ ਦਿਹਾੜਾ, ਜਿਸ ਦਿਨ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖ ਪੁਨਰ ਜਾਗਰਣ ਅਤੇ ਕੌਮੀ ਮੁਕਤੀ ਵਾਸਤੇ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਕੀਤੀ। ਤੀਜਾ ਦਿਨ ਹੈ 13 ਅਪਰੈਲ 1919 ਦਾ ਵਿਸਾਖੀ ਦਾ ਦਿਨ, ਜਿਸ ਦਿਨ ਬਰਿਗੇਡੀਅਰ ਜਨਰਲ ਡਾਇਰ ਨੇ ਸੈਂਕੜੇ ਬੇਦੋਸ਼ੇ ਹਿੰਦੀਆਂ ਦੇ ਖ਼ੂਨ ਵਿੱਚ, ਅੰਮ੍ਰਿਤਸਰ ਵਿਖੇ ਸਥਿਤ ਜ਼ਲ੍ਹਿਆਂ ਵਾਲਾ ਬਾਗ ਵਿੱਚ, ਆਪਣੇ ਹੱਥ ਰੰਗੇ। ਇਸ ਸਾਕੇ ਤੋਂ ਬਾਅਦ ਹਿੰਦੁਸਤਾਨ ਵਿੱਚ ਅੰਗਰੇਜ਼ੀ ਰਾਜ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਤੇ ਕੁੱਲ ਅਠਾਈ ਸਾਲਾਂ ਬਾਅਦ ਦੇਸ਼ ਆਜ਼ਾਦ ਹੋ ਗਿਆ।

ਪੰਜਾਬ ਉੱਤੇ ਈਸਟ ਇੰਡੀਆ ਕੰਪਨੀ ਦਾ ਕਬਜ਼ਾ, 29 ਮਾਰਚ 1849 ਨੂੰ, ਅੰਤਿਮ ਸਿੱਖ ਸਮਰਾਟ ਨਾਬਾਲਿਗ ਦਲੀਪ ਸਿੰਘ ਨੂੰ ਲਾਹੌਰ ਦੀ ਗੱਦੀ ਤੋਂ ਲਾਹੁਣ ਨਾਲ ਹੋ ਗਿਆ। ਇਸ ਸਮੇਂ ਤੋਂ ਕੋਈ ਦਸ ਕੁ ਸਾਲ ਪਹਿਲਾਂ ਤੋਂ ਹੀ ਪੰਜਾਬ ਦੇ ਜਗੀਰਦਾਰਾਂ, ਧਨਾਢਾਂ ਦੇ ਇੱਕ ਪ੍ਰਭਾਵਸ਼ਾਲੀ ਵਰਗ ਨੇ ਆਉਣ ਵਾਲਾ ਸਮਾਂ ਭਾਂਪ ਕੇ ਆਪਣੇ ਹਿੱਤ ਅੰਗਰੇਜ਼ ਹਿੱਤਾਂ ਨਾਲ ਜੋੜ ਦਿੱਤੇ ਸਨ। 1857 ਈ. ਦੇ ਸੈਨਿਕ ਵਿਦਰੋਹ ਨੂੰ ਕੁਚਲਣ ਤੋਂ ਬਾਅਦ ਹਿੰਦੁਸਤਾਨ ਕੰਪਨੀ ਸਰਕਾਰ ਦੀ ਬਜਾਏ ਇੰਗਲੈਂਡ ਦੀ ਮਲਕਾ ਵਿਕਟੋਰੀਆ ਦੇ ਤਹਿਤ ਆ ਗਿਆ। ਪੰਜਾਬ ਵਿੱਚ ਅੰਗਰੇਜ਼ ਹਾਕਮਾਂ ਨੇ ਆਪਣੀਆਂ ਧਿਰਾਂ ਨੂੰ ਮਜ਼ਬੂਤ ਕਰਨ ਲਈ ਪਹਿਲਾਂ ਮੁਸਲਮਾਨਾਂ ਅਤੇ ਫਿਰ ਸਿੱਖ ਸਰਦਾਰਾਂ ਨੂੰ ਖੁੱਲ੍ਹੀਆਂ ਜਗੀਰਾਂ ਦੇ ਕੇ ਨਿਵਾਜਿਆ। ਇਹੋ ਤਬਕਾ 1857 ਵਿੱਚ ਅੰਗਰੇਜ਼ ਸੈਨਾ ਦੀਆਂ ਗਦਰ ਨੂੰ ਦਬਾਉਣ ਵਾਲੀਆਂ ਕਾਰਵਾਈਆਂ ਵਿੱਚ ਸਹਿਯੋਗੀ ਹੋਇਆ। ਇਸੇ ਤਬਕੇ ਨੇ ਜਨਵਰੀ 1872 ਈ. ਵਿੱਚ, ਮਲੇਰਕੋਟਲਾ ਵਿਖੇ ਕੂਕਾ ਸੰਘਾਰ ਅਤੇ ਸਰਕਾਰ ਅੰਗਰੇਜ਼ੀ ਦੀ ਅੱਖ ਦੀ ਕਿਰਕਿਰੀ ਬਣੇ, ਸਤਿਗੁਰੂ ਰਾਮ ਸਿੰਘ ਜੀ ਦੀ ਜਲਤਵਤਨੀ ਦੀ ਪੁਰਜ਼ੋਰ ਹਮਾਇਤ ਕੀਤੀ।

ਅੰਗਰੇਜ਼ ਸਰਕਾਰ ਦੇ ਆਉਣ ਤੋਂ ਪਹਿਲਾਂ ਪੰਜਾਬ ਦੀ ਜ਼ਮੀਨ ਪਿੰਡ ਦੀ ਸਮੂਹਿਕ ਵਾਹੀ ਹੇਠ ਸੀ, ਜਿਸ ਦਾ ਲਗਾਨ ਰਾਜਾ ਵਸੂਲਦਾ ਸੀ। ਜ਼ਮੀਨ ਵੇਚਣ ਜਾਂ ਰਹਿਣ ਕਰਨ ਦਾ ਕੋਈ ਪਰਚਲਨ ਨਹੀਂ ਸੀ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਲਗਾਨ ਜਿਣਸ ਦੇ ਰੂਪ ਵਿੱਚ ਲਿਆ ਜਾਂਦਾ ਸੀ, ਪਰ ਅੰਗਰੇਜ਼ਾਂ ਨੇ ਇਸ ਨੂੰ ਨਕਦੀ ਵਿੱਚ ਬਦਲ ਦਿੱਤਾ। ਫਸਲ ਖੂਹਾਂ ਦੀ ਵਾਹੀ ਜਾਂ ਮੀਂਹਾਂ 'ਤੇ ਨਿਰਭਰ ਸੀ। ਫ਼ਸਲ ਮਰ ਜਾਣ 'ਤੇ ਵੀ ਲਗਾਨ ਭਰਨਾ ਪੈਂਦਾ ਸੀ। ਮਾਮਲਾ ਉਗਰਾਹੁਣ ਲਈ ਸਰਕਾਰੀ ਸਖ਼ਤੀ ਸਿਰੇ 'ਤੇ ਅੱਪੜਦੀ ਸੀ। ਨਤੀਜੇ ਵਜੋਂ ਕਿਸਾਨਾਂ ਨੂੰ ਸ਼ਾਹੂਕਾਰਾਂ ਤੋਂ ਕਰਜ਼ਾ ਲੈ ਕੇ ਮਾਮਲਾ ਤਾਰਨਾ ਪੈਂਦਾ। ਕਰਜ਼ ਦਾ ਵਿਆਜ ਬਹੁਤ ਜਿਆਦਾ ਹੁੰਦਾ ਸੀ। ਸਰਕਾਰੀ ਚਰਾਂਦਾਂ ਵਿੱਚ ਪਸ਼ੂ ਚਰਾਉਣ ਅਤੇ ਜੰਗਲ ਦੀ ਲੱਕੜੀ ਕੱਟਣ 'ਤੇ ਵੀ ਟੈਕਸ ਦੇਣਾ ਪੈਂਦਾ ਸੀ। ਨਤੀਜੇ ਵਜੋਂ 1878-79 ਦੇ ਕਾਲ ਕਮਿਸ਼ਨ ਦੀ ਰੀਪੋਰਟ ਦੱਸਦੀ ਹੈ ਕਿ ਪੰਜਾਬ ਦੇ 83 ਫੀਸਦੀ ਕਿਸਾਨ ਕਰਜ਼ੇ ਹੇਠ ਸਨ ਅਤੇ ਉਹਨਾਂ ਦੀ 45 ਫੀਸਦੀ ਜ਼ਮੀਨ ਗਹਿਣੇ ਪਈ ਸੀ। 58 ਫੀਸਦੀ ਕਿਸਾਨਾਂ ਕੋਲ ਪੰਜ ਏਕੜ ਤੋਂ ਘੱਟ ਰਕਬਾ ਸੀ ਅਤੇ ਖੇਤੀ ਕਰਨ ਲਈ 51 ਫੀਸਦੀ ਕਿਸਾਨ ਮੁਜ਼ਾਰੇ ਸਨ। ਥੋੜ੍ਹੀ ਜ਼ਮੀਨ ਵਾਲੇ ਅਤੇ ਬੇਜ਼ਮੀਨੇ ਕਿਸਾਨ ਖੇਤੀ ਹੀ ਕਰ ਸਕਦੇ ਸਨ। ਪੰਜਾਬ ਵਿੱਚ ਸਨਅਤੀ ਵਿਕਾਸ ਨੂੰ ਜਾਣ ਬੁੱਝ ਕੇ ਰੋਕਿਆ ਸੀ ਤਾਂ ਕਿ ਪੰਜਾਬੀ ਕਿਸਾਨ ਸਮੁਦਾਇ ਸਾਮਰਾਜ ਦੀ ਸੈਨਿਕ ਲੋੜ ਪੂਰੀ ਕਰ ਸਕੇ। ਉਸ ਕੋਲ ਜਿਊਂਦੇ ਰਹਿਣ ਲਈ ਫੌਜੀ ਜੀਵਨ ਨੂੰ ਚੁਣਨਾ ਮਜ਼ਬੂਰੀ ਸੀ। ਦੂਜਾ ਰਸਤਾ ਪਰਦੇਸ ਵਿੱਚ ਜਾਣ ਦਾ ਸੀ, ਜਿੱਥੇ ਉਹ ਨਵੀਆਂ ਆਜ਼ਾਦ ਹੋ ਰਹੀਆਂ ਧਰਤੀਆਂ ਵਿੱਚ ਕੰਮ ਕਰ ਸਕਣ। ਪਹਿਲੇ ਸੰਸਾਰ ਜੰਗ ਵਿੱਚ ਪੰਜਾਬ ਦੀ ਪੇਂਡੂ ਵੱਸੋਂ ਨੂੰ ਧੜਾ ਧੜ ਫੌਜ ਵਿੱਚ ਭਰਤੀ ਕੀਤਾ ਗਿਆ। ਅੰਦਾਜ਼ਨ ਚਾਰ ਲੱਖ ਪੰਜਾਬੀ ਇਸ ਸੈਨਾ ਦਾ ਭਾਗ ਬਣੇ। ਦੋ ਕਰੋੜ ਰੁਪੈਆ

ਵਾਰ ਫੰਡ ਉਗਰਾਹਿਆ ਗਿਆ ਅਤੇ ਗਿਆਰਾਂ ਕਰੋੜ ਰੁਪੈਆ ਪੰਜਾਬ ਨੇ ਜੰਗ ਲਈ ਸਰਕਾਰ ਨੂੰ ਕਰਜ਼ਾਤ ਦਿੱਤਾ। ਪੰਜਾਬ ਕਿਉਂਕਿ ਫੌਜੀ ਭਰਤੀ ਦਾ ਮੁੱਖ ਖਿੱਤਾ ਸੀ, ਇਸ ਲਈ ਇੱਥੇ ਉੱਠਦੀ ਕਿਸੇ ਵੀ ਸਰਕਾਰ ਵਿਰੋਧੀ ਲਹਿਰ ਨੂੰ, ਸਖ਼ਤੀ ਨਾਲ ਦਬਾ ਦਿੱਤਾ ਜਾਂਦਾ ਸੀ।

ਇਸ ਸਮੇਂ ਮਹਾਤਮਾ ਗਾਂਧੀ ਵੀ ਭਰਤੀ ਮੁਹਿੰਮ ਦੇ ਹੱਕ ਵਿੱਚ ਸਨ। ਭਾਰਤ ਦੇ ਕੌਮੀ ਅਗੂਆਂ ਨੇ ਇਸ ਆਸ ਤੇ ਜੰਗੀ ਭਰਤੀ ਲਈ ਆਪਣੇ ਸਾਰੇ ਵਸੀਲੇ ਝੋਕ ਦਿੱਤੇ ਸਨ ਕਿ ਅੰਗਰੇਜ਼ ਸਰਕਾਰ ਜੰਗ ਜਿੱਤਣ ਤੋਂ ਬਾਅਦ, ਹਿੰਦੁਸਤਾਨੀਆਂ ਨੂੰ ਹੋਮ ਰੂਲ ਦੇ ਸਕਦੀ ਹੈ। ਇਸੇ ਪਹਿਲੇ ਸੰਸਾਰ ਜੰਗ ਦੇ ਸਮੇਂ, ਗਦਰ ਪਾਰਟੀ ਦੇ ਝੰਡੇ ਹੇਠ ਉੱਤਰੀ ਅਮਰੀਕਾ ਦੇ ਪੱਛਮੀ ਸਾਹਿਲ ਤੇ ਵੱਸੇ ਪੰਜਾਬੀਆਂ ਨੇ ਦੇਸੀ ਫੌਜਾਂ ਦੀ ਇਮਦਾਦ ਨਾਲ, ਦੇਸ਼ ਵਿੱਚ ਹਥਿਆਰਬੰਦ ਇਨਕਲਾਬ ਦੁਆਰਾ ਗੋਰਾਸ਼ਾਹੀ ਦਾ ਬਿਸਤਰਾ ਗੋਲ ਕਰਨ ਦੀ ਮਹੱਤਵ ਕਾਂਖੀ ਯੋਜਨਾ ਉਲੀਕ ਕੇ ਦੇਸ਼ ਨੂੰ ਚਾਲੇ ਪਾਏ ਸਨ। ਉਹਨਾਂ ਨੇ 'ਗ਼ਦਰ' ਅਖਬਾਰ ਸ਼ੁਰੂ ਕੀਤਾ ਅਤੇ ਭਾਰਤੀ ਸੈਨਿਕਾਂ ਦੀ ਜ਼ਮੀਰ ਨੂੰ ਟੁੰਬਣ ਲਈ ਉਸ ਵਿਤਕਰੇ ਦਾ ਜ਼ਿਕਰ ਕੀਤਾ ਜਿਹੜਾ ਦੇਸੀ ਤੇ ਗੋਰੇ ਸੈਨਿਕਾਂ ਨਾਲ 9 ਰੁਪੈ ਤੇ 45 ਰੁਪੈ ਮਾਸਿਕ ਤਨਖਾਹ ਦਾ ਹੁੰਦਾ ਸੀ। ਫਿਰ ਦੇਸੀ ਫੌਜੀ ਮੋਰਚਿਆਂ ਤੇ ਵਤਨੋਂ ਦੂਰ ਦੁਰੇਡੇ, ਲੜਨ ਲਈ ਭੇਜੇ ਜਾਂਦੇ ਅਤੇ ਗੋਰੇ ਫੌਜੀ ਪਿੱਛੇ ਰਹਿੰਦੇ। ਇਸੇ ਦੌਰਾਨ ਗ਼ਦਰੀਆਂ ਦੀ ਧਰ ਪਕੜ ਵੀ ਹੋਈ। ਉਹ ਫਾਂਸੀ ਲਾਏ ਗਏ ਅਤੇ ਕਾਲੇ ਪਾਣੀ ਦੇ ਕੁੰਭੀ ਨਰਕ ਵਿੱਚ ਵੀ ਉਮਰ ਭਰ ਸੜਨ ਲਈ ਸੁੱਟ ਦਿੱਤੇ। ਇਸ ਕਾਰਨ ਸ਼ੁਰੂ ਵਿੱਚ ਫੌਜੀ ਭਰਤੀ ਲਈ ਜੋ ਉਤਸ਼ਾਹ ਸੀ, ਉਹ ਹੌਲੇ-ਹੌਲੇ ਮੱਠਾ ਪੈਣ ਲੱਗਾ। ਜੰਗੀ ਲੋੜਾਂ ਦੀ ਪੂਰਤੀ ਲਈ ਸਰਕਾਰ ਨੇ ਪੰਜਾਬ ਵਿੱਚ ਜਬਰੀ ਭਰਤੀ ਦੀਆਂ ਯੋਜਨਾਵਾਂ ਬਣਾਈਆਂ। ਇਸ ਨਾਲ ਪੰਜਾਬ ਦੇ ਲੋਕਾਂ ਵਿੱਚ ਬੇਚੈਨੀ ਵਧੀ। ਪ੍ਰੰਤੂ ਇਸ ਬੇਚੈਨੀ ਦੇ ਕਾਰਨ ਹੀ ਸਰਕਾਰ ਪੰਜਾਬ ਵਿੱਚ ਜਬਰੀ ਭਰਤੀ ਦਾ ਕਾਨੂੰਨ ਪਾਸ ਕਰਨ ਤੋਂ ਦੜ ਵੱਟ ਗਈ। ਕਈ ਥਾਂਵਾਂ 'ਤੇ ਭਰਤੀ ਜੋਗ ਜੁਆਨਾਂ ਦੇ ਪਰਿਵਾਰਾਂ ਨੂੰ ਪਰਤਾੜਿਤ ਕਰਕੇ ਮੰਤਵ ਪੂਰਾ ਕੀਤਾ ਜਾਂਦਾ। ਨਾਦਰ ਹੁਸੈਨ ਨਾਂ ਦਾ ਇੱਕ ਤਹਿਸੀਲਦਾਰ, ਜਬਰੀ ਭਰਤੀ ਲਈ ਹੋਸ਼ੇ ਹੱਥਕੰਡਿਆਂ 'ਤੇ ਉੱਤਰ ਆਇਆ। ਨਤੀਜੇ ਵਜੋਂ ਲੋਕਾਂ ਨੇ ਉਸਦੇ ਰੈਸਟ ਹਾਊਸ ਵਿੱਚ ਪਏ ਦੇ ਟੁਕੜੇ ਟੁਕੜੇ ਕਰ ਦਿੱਤੇ। ਇਸ ਪਹਿਲੇ ਆਲਮੀ ਜੰਗ ਵਿੱਚ 53486 ਹਿੰਦੁਸਤਾਨੀ ਮਰੇ, 64310 ਜ਼ਖਮੀ ਹੋਏ ਅਤੇ 3762 ਲਾਪਤਾ। ਮਰਨ ਵਾਲਿਆਂ ਵਿੱਚ ਚੌਦਾਂ ਹਜ਼ਾਰ ਦੇ ਲਗਪਗ ਪੰਜਾਬੀ ਸਨ। ਜੰਗ ਦੀ ਸਮਾਪਤੀ ਤੱਕ, ਪੰਜਾਬ ਵਿੱਚ ਇੱਕ ਤੋਂ ਡੇਢ ਲੱਖ ਤੱਕ ਨਾਮ ਕੱਟੇ ਫੌਜੀ ਸਨ। ਉਹਨਾਂ ਕਾਰਨ ਪੰਜਾਬ ਦੀ ਖਰਾਬ ਆਰਥਿਕ ਸਥਿਤੀ ਹੋਰ ਵਿਗੜ ਗਈ। ਜੰਗ ਕਾਰਨ ਮਹਿੰਗਾਈ ਵੀ ਵਧ ਗਈ। ਰੇਲਵੇ ਦੇ ਮੁਲਾਜ਼ਮ ਹੜਤਾਲ ਕਰਨ ਲਈ ਮਜ਼ਬੂਰ ਹੋ ਗਏ। ਗ਼ਦਰ ਲਹਿਰ ਨਾਲ ਸੰਬੰਧਿਤ ਦਸ ਹਜ਼ਾਰ ਪਰਵਾਸੀ ਪੰਜਾਬੀ ਜੋ ਬਾਹਰੋਂ ਆਏ ਸਨ ਜਾਂ ਜ਼ੇਲ੍ਹਾਂ ਵਿੱਚ ਸਨ ਜਾਂ ਪਿੰਡਾਂ ਵਿੱਚ ਜੂਹਬੰਦ ਅਤੇ ਜਾਂ ਜ਼ੇਰ ਨਿਗਰਾਨੀ ਸਨ। ਜੰਗ ਕਾਰਨ ਬਾਹਰਲੇ ਦੇਸ਼ਾਂ ਵਿੱਚ ਗਏ ਸੈਨਿਕਾਂ ਦੀ ਚੇਤਨਾ, ਆਜ਼ਾਦ ਫਿਜ਼ਾਵਾਂ ਵਿੱਚ ਵਧੇਰੇ ਵਿਕਸਿਤ ਹੋਈ। ਗ਼ਦਰੀਆਂ ਨੂੰ ਸਜ਼ਾਵਾਂ ਦੇਣ ਲਈ ਡੀਫੈਂਸ ਆਫ ਇੰਡੀਆ ਰੂਲਜ਼, ਜੋ ਜੰਗ ਲੱਗਣ ਤੇ ਲਾਇਆ ਗਿਆ ਸੀ ਅਤੇ ਜਿਸ ਦੀ ਵਰਤੋਂ ਦੇਸ਼ ਭਗਤ ਤਬਕਿਆਂ ਵਿਰੁੱਧ ਖੁੱਲ੍ਹ ਕੇ ਹੋਈ, ਜੰਗ ਦੇ ਖਾਤਮੇ ਦੇ ਨਾਲ ਹੀ ਇਹ ਕਾਲਾ ਕਾਨੂੰਨ ਖ਼ਤਮ ਹੋ ਗਿਆ। 'ਪੰਜਾਬੀ ਲੋਕਾਂ ਨੂੰ ਕਾਬੂ ਵਿੱਚ ਰੱਖਣ ਲਈ ਇੱਕ ਨਵੇਂ ਕਾਨੂੰਨੀ ਹਥਿਆਰ ਦੀ ਲੋੜ ਸੀ, ਜੋ ਰੌਲਟ ਐਕਟ ਦੀ ਸ਼ਕਲ ਵਿੱਚ ਸਾਹਮਣੇ ਆਇਆ।' ਆਸ ਹੋਮ ਰੂਲ ਦੀ ਸੀ, ਮਿਲਿਆ ਰੌਲਟ ਐਕਟ।

ਪਹਿਲਾ ਵੱਡਾ ਜੰਗ ਖ਼ਤਮ ਹੋਣ ਬਾਅਦ ਕਾਲੇ ਬੁਖਾਰ ਦੀ ਮਹਾਂਮਾਰੀ ਨੇ ਇੱਕ ਕਰੋੜ, ਚਾਲੀ ਲੱਖ ਲੋਕ, ਆਪਣੀ ਲਪੇਟ ਵਿੱਚ ਲਏ। 1917 ਵਿੱਚ ਹੀ ਇੰਗਲੈਂਡ ਦੇ ਇੱਕ ਜੱਜ ਦੇ ਅਧੀਨ ਰੌਲਟ ਕਮਿਸ਼ਨ ਨਿਯੁਕਤ ਕੀਤਾ ਗਿਆ, ਜਿਸ ਦਾ ਮਨੋਰਥ ਸੀ ਕਿ 'ਹਿੰਦ ਸਰਕਾਰ ਉੱਥੇ ਚੱਲਣ ਵਾਲੇ ਕ੍ਰਾਂਤੀਕਾਰੀ ਅੰਦੋਲਨਾਂ ਨਾਲ, ਸੰਬੰਧਿਤ ਸਾਜ਼ਿਸ਼ਾਂ ਦੀ ਜਾਂਚ ਕਰ, ਸਿਫਾਰਿਸ਼ ਕਰੇ ਕਿ ਇਹਨਾਂ ਅੰਦੋਲਨਾਂ ਦਾ ਦਮਨ ਕਰਨ ਲਈ ਸਰਕਾਰ ਕਿਹੜੇ ਨਵੇਂ ਕਾਨੂੰਨ ਬਣਾਏ।'

1916 ਵਿੱਚ ਬਾਲ ਗੰਗਾ ਧਰ ਤਿਲਕ ਹੋਰਾਂ ਹੋਮ ਰੂਲ ਲੀਗ ਦੀ ਸਥਾਪਨਾ ਕੀਤੀ। ਜੰਗ ਦੇ ਸਾਲਾਂ ਵਿੱਚ ਕਾਂਗਰਸ ਦੇ ਸਾਲਾਨਾ ਇਜਲਾਸਾਂ ਵਿੱਚ ਜਿੱਥੇ ਇਹ ਹੁੰਦੇ, ਉਨ੍ਹਾਂ ਪ੍ਰਾਂਤਾਂ ਦੇ ਅੰਗਰੇਜ਼ ਗਵਰਨਰ, ਭਾਗ ਲੈ ਕੇ ਕੌਮੀ ਆਗੂਆਂ ਦੀ ਭਰਤੀ ਮੁਹਿੰਮ ਵਿੱਚ ਮਦਦ ਹਾਸਿਲ ਕਰਦੇ। 1916 ਵਿੱਚ ਕਾਂਗਰਸ ਦੇ ਲਖਨਊ ਇਜਲਾਸ ਵਿੱਚ, ਮੁਸਲਿਮ ਲੀਗ ਅਤੇ ਕਾਂਗਰਸ ਦੇ ਆਗੂਆਂ ਵਿੱਚ ਅਤੇ ਨਰਮ ਦਲੀ ਅਤੇ ਗਰਮ ਦਲੀ ਕੌਮੀ ਆਗੂਆਂ ਵਿੱਚ ਵੀ ਸਮਝੌਤਾ ਹੋ ਗਿਆ ਸੀ। ਅੰਗਰੇਜ਼ਾਂ ਨੇ ਤੁਰਕੀ 'ਤੇ ਹਮਲਾ ਕੀਤਾ, ਇਸ ਕਾਰਨ ਮੁਸਲਿਮ ਜਨਤਾ ਵਿੱਚ ਬਹੁਤ ਗੁੱਸਾ ਸੀ। ਹੁਣ ਕਾਂਗਰਸ ਅਤੇ ਮੁਸਲਿਮ, ਲੀਗ ਨੇ ਸਾਮਰਾਜ ਦੇ ਅਧੀਨ ਰਹਿੰਦਿਆਂ ਆਸ਼ਿਕ ਸਵਰਾਜ ਦੀ ਮੰਗ ਉਠਾ ਦਿੱਤੀ, ਜਿਹਾ ਕਿ ਕੌਂਸਲਾਂ ਵਿੱਚ ਚੁਣੇ ਹੋਏ ਮੈਂਬਰਾਂ ਦਾ ਬਹੁਮੱਤ ਹੋਵੇ, ਕੌਂਸਲਾਂ ਦੇ ਅਧਿਕਾਰ ਵਧਾਏ ਜਾਣ ਅਤੇ

ੇ ਵਾਇਸਰਾਇ ਦੀ ਕਾਰਜਕਾਰਨੀ ਵਿੱਚ ਅੱਧੇ ਮੈਂਬਰ ਭਾਰਤੀ ਹੋਣ। ਭਾਰਤ ਲਈ ਖ਼ੁਦ ਮੁਖਤਿਆਰ ਡੋਮੀਨੀਅਨ ਜਿਹਾ ਬਰਾਬਰੀ ਦਾ ਦਰਜਾ ਮੰਗਿਆ। 1917 ਦੀ ਰੂਸੀ ਕ੍ਰਾਂਤੀ ਤੋਂ ਪੰਜ ਕੁ ਮਹੀਨੇ ਬਾਅਦ, ਅੰਗਰੇਜ਼ ਸਰਕਾਰ ਨੇ ਭਾਰਤ ਨੂੰ ਸਾਮਰਾਜ ਦੇ ਅਧੀਨ ਛੇਤੀ ਹੀ ਜ਼ਿੰਮੇਵਾਰ ਹਕੂਮਤ ਵੱਲ ਵਧਣ ਦਾ ਨਾਅਰਾ ਲਾਇਆ ਸੀ।

ਰਾਜਨੀਤਿਕ ਸਥਿਤੀ ਵਿੱਚ ਅਸੰਤੋਖ ਵਧ ਰਿਹਾ ਸੀ। ਬੰਬਈ ਦੀਆਂ ਮਿੱਲਾਂ ਵਿੱਚ ਜਨਵਰੀ 1919 ਤੱਕ, ਸਵਾ ਲੱਖ ਮਜ਼ਦੂਰ ਹੜਤਾਲ 'ਤੇ ਚਲੇ ਗਏ। ਇਸੇ ਸਾਲ ਮਾਰਚ ਦੇ ਮਹੀਨੇ ਵਾਇਸਰਾਇ ਦੀ ਕੌਂਸਲ ਨੇ ਰੌਲਟ ਐਕਟ ਪਾਸ ਕਰਕੇ ਕਾਨੂੰਨ ਬਣਾ ਦਿੱਤਾ। ਇਹਨਾਂ ਕਾਨੂੰਨਾਂ ਦਾ ਮਕਸਦ, ਯੁੱਧ ਦੇ ਸਮੇਂ ਸਰਕਾਰ ਨੇ ਵਿਸ਼ੇਸ਼ ਕਾਨੂੰਨ ਬਣਾ ਕੇ ਜੋ ਦਮਨ ਕਰਨ ਦੇ ਅਧਿਕਾਰ ਆਪਣੇ ਹੱਥ ਲਏ ਸਨ, ਜੰਗ ਤੋਂ ਬਾਅਦ ਇਹਨਾਂ ਕਾਨੂੰਨਾਂ ਦੀ ਮਿਆਦ ਖ਼ਤਮ ਹੋਣ ਬਾਅਦ ਵੀ ਵਿਸ਼ੇਸ਼ ਅਧਿਕਾਰ ਸਰਕਾਰ ਪਾਸ ਰਹਿਣ ਤਾਂ ਕਿ ਲੋਕਾਂ ਨੂੰ ਬਿਨਾਂ ਮੁਕੱਦਮਾ ਚਲਾਏ ਜ਼ੇਲ੍ਹ ਵਿੱਚ ਡੱਕਿਆ ਜਾ ਸਕੇ। ਸਪੱਸ਼ਟ ਹੋਇਆ ਕਿ ਸੁਧਾਰਾਂ ਦਾ ਨਾਅਰਾ ਲਾਉਣ ਵਾਲੀ ਸਰਕਾਰ ਹੋਰ ਜ਼ਿਆਦਾ ਦਮਨ ਕਰਨ 'ਤੇ ਤੁਲੀ ਹੋਈ ਹੈ। ਰੌਲਟ ਐਕਟ ਦੇ ਪਾਸ ਹੋਣ 'ਤੇ ਲੋਕਾਂ ਵਿੱਚ ਰੋਹ ਫੈਲ ਗਿਆ। ਮਹਾਤਮਾ ਗਾਂਧੀ ਜੋ ਦੱਖਣੀ ਅਫਰੀਕਾ ਵਿੱਚੋਂ ਸਤਿਆਗ੍ਰਹਿ ਦਾ ਤਜ਼ਰਬਾ ਲੈ ਕੇ ਆਏ ਸਨ, ਉਹਨਾਂ ਨੇ ਇਹਨਾਂ ਕਾਲੇ ਕਾਨੂੰਨਾਂ ਵਿਰੁੱਧ, ਸਤਿਆਗ੍ਰਹਿ ਅੰਦੋਲਨ ਦੀ ਘੋਸ਼ਣਾ ਕਰ ਦਿੱਤੀ। 6 ਅਪਰੈਲ ਦੇ ਦਿਨ ਆਮ ਹੜਤਾਲ ਕਰਨ ਦਾ ਸੱਦਾ ਦਿੱਤਾ। ਲੋਕਾਂ ਨੇ ਇਸ ਅਪੀਲ ਦਾ ਜ਼ਬਰਦਸਤ ਹੁੰਗਾਰਾ ਭਰਿਆ। ਮਾਰਚ-ਅਪਰੈਲ ਵਿੱਚ ਜਲਸੇ ਜਲੂਸ, ਹੜਤਾਲਾਂ ਹੋਈਆਂ। ਸਰਕਾਰੀ ਦਮਨ ਦਾ ਮੁਕਾਬਲਾ ਕਰਦੇ ਬਹੁਤ ਸਾਰੇ ਜ਼ਖਮੀ ਹੋਏ ਅਤੇ ਮਾਰੇ ਵੀ ਗਏ। ਸਰਕਾਰ ਨੇ ਇਸ ਸਾਲ ਦੀ ਰੀਪੋਰਟ ਵਿੱਚ ਹਿੰਦੂ ਮੁਸਲਿਮ ਏਕਤਾ ਦੇ ਉੱਤੇ ਸਤਰ ਉਪਰ ਹੈਰਾਨੀ ਪ੍ਰਗਟ ਕੀਤੀ।

ਇਸ ਸਮੇਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਸੀ। ਖ਼ੁਸ਼ਾਮਦੀਆਂ ਤੇ ਝੋਲੀ ਚੁੱਕਾਂ ਵਿੱਚ ਘਿਰਿਆ ਉਹ ਆਪਣੇ ਆਪ ਨੂੰ ਪੰਜਾਬ ਦਾ ਖ਼ੁਦਾ ਸਮਝਦਾ ਸੀ। ਉਹ ਦੇਸ਼ ਵਿੱਚ ਚੱਲ ਰਹੀ ਕੌਮੀ ਲਹਿਰ ਦਾ ਵਿਰੋਧੀ ਸੀ। ਪੰਜਾਬ ਨੂੰ ਅੰਗਰੇਜ਼ਾਂ ਲਈ ਜੰਗੀ ਭਰਤੀ ਦਾ ਵਿਸ਼ੇਸ਼ ਖਿੱਤਾ ਬਣਾਈ ਰੱਖਣ ਲਈ, ਇੱਥੇ ਕਿਸੇ ਤਰ੍ਹਾਂ ਦੀ ਵੀ ਰਾਜਨੀਤਿਕ ਹਿਲਜੁਲ ਨੂੰ ਲੋਹੇ ਦੇ ਹਥਿਆਰ ਨਾਲ ਦਬਾ ਦੇਣਾ ਚਾਹੁੰਦਾ ਸੀ। ਜੰਗ ਦੇ ਦੌਰਾਨ ਵੀ ਉਸ ਨੇ ਜਬਰੀ ਭਰਤੀ ਅਤੇ ਜੰਗੀ ਚੰਦਾ ਇਕੱਠਾ ਕਰਨ ਲਈ, ਜ਼ਾਲਮਾਨਾ ਢੰਗਾਂ ਦੀ ਵਰਤੋਂ ਕੀਤੀ ਸੀ। ਰੌਲਟ ਐਕਟ ਵਿਰੁੱਧ ਚੱਲ ਰਹੀ ਵਿਰੋਧ ਦੀ ਲਹਿਰ ਦਾ ਅੰਮ੍ਰਿਤਸਰ ਸਭ ਤੋਂ ਵੱਡਾ ਕੇਂਦਰ ਸੀ। ਫਰਵਰੀ 1919 ਵਿੱਚ ਇੱਥੇ ਹੋਏ ਰੋਸ ਜਲਸਿਆਂ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੋਏ। 29 ਮਾਰਚ ਨੂੰ ਸ਼ਹਿਰ ਦੇ ਕੌਮੀ ਆਗੂ ਡਾ. ਸੱਤਿਆਪਾਲ ਤੇ ਕਿਸੇ ਜਲਸੇ ਵਿੱਚ ਸ਼ਾਮਲ ਹੋਣ 'ਤੇ ਪਾਬੰਦੀ ਲਾ ਦਿੱਤੀ। ਫਿਰ ਵੀ 30 ਮਾਰਚ ਦੇ ਵਿਰੋਧ ਦਿਨ ਸਮੇਂ, ਤੀਹ ਹਜ਼ਾਰ ਲੋਕਾਂ ਨੇ ਭਾਗ ਲਿਆ। ਡਾ. ਸੈਫੂਦੀਨ ਕਿਚਲੂ ਨੇ ਇਸ ਜਲਸੇ ਨੂੰ ਸੰਬੋਧਿਤ ਕਰਦਿਆਂ ਲੋਕਾਂ ਨੂੰ ਪੁਰ ਅਮਨ ਢੰਗ ਨਾਲ ਕਾਲੇ ਕਾਨੂੰਨ ਦਾ ਵਿਰੋਧ ਕਰਨ ਲਈ ਕਿਹਾ। 4 ਅਪਰੈਲ ਨੂੰ ਡਾ. ਕਿਚਲੂ ਵੀ ਪਾਬੰਦੀ ਦੇ ਹੇਠ ਆ ਗਏ ਪਰ ਇਸ ਦੇ ਬਾਵਜੂਦ ਵੀ ਅੰਮ੍ਰਿਤਸਰ ਸਮੇਤ ਸਾਰੇ ਪੰਜਾਬ ਵਿੱਚ ਰੋਸ ਹੜਤਾਲ ਦਾ ਵਿਆਪਕ ਅਸਰ ਸੀ। ਪੰਜਾਬ ਦੇ 45 ਸ਼ਹਿਰਾਂ ਵਿੱਚ ਇਹ ਹੜਤਾਲ ਹੋਈ। 8 ਅਪਰੈਲ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿ. ਇਰਵਿੰਗ ਨੇ ਕਮਿਸ਼ਨਰ ਕਿਚਨ ਨੂੰ ਲਿਖਿਆ-"ਸਾਨੂੰ ਹੁਣ ਤਾਂ ਫਿਰ ਆਪਣੀ ਸ਼ਕਤੀ ਦਾ ਦਿਖਾਵਾ ਕਰਨਾ ਹੀ ਪੈਣਾ ਹੈ, ਪਰ ਇਸ ਲਈ ਸਾਨੂੰ ਮਜ਼ਬੂਤ ਫੋਰਸ ਲੈ ਆਉਣੀ ਚਾਹੀਦੀ ਹੈ, ਤਾਂ ਕਿ ਆਖਰੀ ਸਿੱਟਾ ਕੱਢਣ ਦੀ ਕੋਸ਼ਿਸ਼ ਕਰੀਏ ਤੇ ਦੇਖੀਏ ਕਿ ਅੰਮ੍ਰਿਤਸਰ ਵਿੱਚ ਕਿਸ ਦਾ ਰਾਜ ਹੈ।"

9 ਅਪਰੈਲ ਨੂੰ ਰਾਮ ਨੌਮੀ ਦਾ ਤਿਉਹਾਰ ਅੰਮ੍ਰਿਤਸਰ ਵਿੱਚ ਹਿੰਦੂਆਂ ਦੇ ਨਾਲ ਮੁਸਲਮਾਨਾਂ ਨੇ ਵੀ ਸ਼ਾਮਲ ਹੋ ਕੇ ਭਰਾਵਾਂ ਜਿਉਂ ਮਨਾਇਆ। ਉਧਰ ਲਾਟ ਪੰਜਾਬ, ਸਰ ਮਾਈਕਲ ਉਡਵਾਇਰ ਨੇ ਡਾ. ਕਿਚਲੂ ਤੇ ਡਾ. ਸਤਿਆਪਾਲ ਦੀ ਗ੍ਰਿਫ਼ਤਾਰੀ ਅਤੇ ਅੰਮ੍ਰਿਤਸਰ ਵਿੱਚ ਹੋਰ ਫੌਜੀ ਕੁਮਕ ਭੇਜਣ ਦੇ ਆਦੇਸ਼ ਦੇ ਦਿੱਤੇ। 10 ਅਪਰੈਲ ਦੀ ਸਵੇਰ ਨੂੰ ਦੋਵੇਂ ਆਗੂ ਗ੍ਰਿਫ਼ਤਾਰ ਕਰਕੇ ਧਰਮਸ਼ਾਲਾ ਭੇਜ ਦਿੱਤੇ। ਇਸੇ ਦਿਨ ਹੀ ਪੰਜਾਬ ਆ ਰਹੇ ਮਹਾਤਮਾ ਗਾਂਧੀ ਨੂੰ ਕੋਸੀ ਦੇ ਸਟੇਸ਼ਨ ਤੋਂ ਹੀ ਸਰਕਾਰੀ ਹੁਕਮਾਂ ਨਾਲ ਵਾਪਸ ਬੰਬਈ ਪਰਤਣ ਦਾ ਹੁਕਮ ਸੁਣਾ ਦਿੱਤਾ। ਉਹਨਾਂ ਦੇ ਨਾ ਰੁਕਣ 'ਤੇ, ਪਲਵਲ ਵਿਖੇ ਗ੍ਰਿਫ਼ਤਾਰ ਕਰਕੇ ਵਾਪਸੀ ਗੱਡੀ ਤੇ ਬਿਠਾ ਦਿੱਤਾ। ਲੀਡਰਾਂ ਦੀ ਗ੍ਰਿਫ਼ਤਾਰੀ ਅਤੇ ਗਾਂਧੀ ਜੀ ਨੂੰ ਪੰਜਾਬ ਪਰਵੇਸ਼ ਦੀ ਆਗਿਆ ਨਾ ਮਿਲਣ 'ਤੇ 11 ਵਜੇ ਉਸੇ ਦਿਨ ਲੋਕ ਅੰਮ੍ਰਿਤਸਰ ਦੀ ਐਚਸਿਨ ਪਾਰਕ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋਕੇ, ਲੀਡਰਾਂ ਦੀ ਰਿਹਾਈ ਦੀ ਮੰਗ ਲਈ ਡੀ. ਸੀ. ਦੀ ਕੋਠੀ ਵੱਲ ਚੱਲ ਪਏ। ਲੋਕਾਂ ਦੇ ਇਸ ਹਜ਼ੂਮ ਤੇ ਸਰਕਾਰ ਵਲੋਂ ਇਰਵਿੰਗ ਦੇ ਹੁਕਮ 'ਤੇ ਗੋਲੀ ਚਲਾਈ ਗਈ। ਵੀਹ ਲੋਕ ਸ਼ਹੀਦ ਹੋ ਗਏ ਅਤੇ

ਜ਼ਖਮੀਆਂ ਦੀ ਗਿਣਤੀ ਬੇਹਿਸਾਬ ਸੀ। ਸਰਕਾਰੀ ਹਿੰਸਾ ਤੋਂ ਭੜਕੇ ਲੋਕਾਂ ਨੇ ਕੁਝ ਬੈਂਕ ਸਾੜ ਦਿੱਤੇ। ਕੁਝ ਅੰਗਰੇਜ਼ ਅਧਿਕਾਰੀ ਵੀ ਲੋਕ ਰੋਹ ਦਾ ਨਿਸ਼ਾਨਾ ਬਣੇ। ਇਸ ਦਿਨ ਪੰਜ ਅੰਗਰੇਜ਼ ਮਾਰੇ ਗਏ। ਕੂਚਾ ਕੌੜਿਆਂ ਵਾਲਾ ਵਿੱਚ ਇੱਕ ਅੰਗਰੇਜ਼ ਮਿਸ਼ਨਰੀ ਔਰਤ ਸ਼ੇਰਵੁੱਡ ਨੂੰ, ਸਾਈਕਲ ਤੇ ਜਾਂਦੇ ਨੂੰ, ਕਿਸੇ ਡਾਂਗ ਮਾਰ ਕੇ ਹੇਠਾਂ ਸੁੱਟਿਆ, ਪਰ ਇੱਕ ਹਿੰਦੁਸਤਾਨੀ ਨੇ ਉਸਨੂੰ ਨਾਲੀ ਵਿੱਚੋਂ ਚੁੱਕ ਕੇ ਘਰ ਲਿਆ ਕੇ, ਉਸ ਦੀ ਜਾਨ ਬਚਾਈ। ਇਸ ਦਿਨ ਪੁਲੀਸ ਗੋਲੀ ਨਾਲ ਮਰਨ ਵਾਲਿਆਂ ਨੇ ਆਖ਼ਰੀ ਸਮੇਂ "ਹਿੰਦੂ ਮੁਸਲਮਾਨ ਦੀ ਜੈ" ਦੇ ਨਾਹਰੇ ਲਾ ਕੇ, ਫਿਰਕੂ ਏਕਤਾ ਦਾ ਸੰਦੇਸ਼ ਦਿੱਤਾ। ਸਾਰੇ ਅੰਗਰੇਜ਼ ਅਧਿਕਾਰੀ ਅਤੇ ਉਹਨਾਂ ਦੇ ਪਰਿਵਾਰ ਕਿਲ੍ਹਾ ਗੋਬਿੰਦਗੜ੍ਹ ਵਿੱਚ ਸੁਰੱਖਿਅਤ ਪੁਚਾ ਦਿੱਤੇ। ਬਰਗੇਡੀਅਰ ਜਨਰਲ ਡਾਇਰ ਜਲੰਧਰ ਬਰਗੇਡ ਦਾ ਕਮਾਂਡਰ ਸੀ। ਲਾਹੌਰ ਦੇ ਡਿਵੀਜ਼ਨਲ ਕਮਾਂਡਰ ਨੇ ਉਸਨੂੰ ਮਦਦ ਭਰੀ ਤਾਰ ਦਿੱਤੀ ਤਾਂ ਉਸ ਦੁਆਰਾ 100 ਗੋਰੇ ਅਤੇ 200 ਹਿੰਦੁਸਤਾਨੀ ਫੌਜੀ, 11 ਅਪਰੈਲ ਨੂੰ ਸਵੇਰੇ ਪੰਜ ਵਜੇ ਦੀ ਗੱਡੀ ਰਾਹੀਂ ਅੰਮ੍ਰਿਤਸਰ ਭੇਜ ਦਿੱਤੇ। ਇਸੇ ਦਿਨ ਡੀ. ਸੀ. ਨੇ ਬਹੁਤ ਥੋੜ੍ਹੀ ਗਿਣਤੀ ਲੋਕਾਂ ਦੀ ਹਾਜ਼ਰੀ ਵਿੱਚ, ਗੋਲੀਬਾਰੀ ਵਿੱਚ ਮਰੇ ਲੋਕਾਂ ਦੇ ਅੰਤਿਮ ਸਸਕਾਰ ਦੀ ਆਗਿਆ ਦਿੱਤੀ। ਦੁਪਹਿਰ ਵੇਲੇ ਫੌਜ ਨੇ ਸ਼ਹਿਰ ਵਿੱਚ ਮਾਰਚ ਕੀਤਾ ਅਤੇ ਕਿਸੇ ਪਰਕਾਰ ਦਾ ਲੋਕਾਂ ਦਾ ਇਕੱਠ ਨਾ ਕਰਨ ਲਈ ਐਲਾਨ ਕੱਢਿਆ ਗਿਆ। ਚਾਰ ਤੋਂ ਵੱਧ ਲੋਕਾਂ ਦੇ ਇਕੱਠੇ ਹੋ ਕੇ ਸ਼ਹਿਰ ਵਿੱਚ ਨਿਕਲਣ 'ਤੇ ਗੋਲੀ ਚਲਾਈ ਜਾ ਸਕਦੀ ਸੀ। ਲੋਕਾਂ ਨੂੰ ਘਰਾਂ ਵਿੱਚ ਹੀ ਰਹਿਣ ਲਈ ਕਿਹਾ ਗਿਆ। ਅੰਮ੍ਰਿਤਸਰ ਨੂੰ ਆਉਣ ਵਾਲੀਆਂ ਗੱਡੀਆਂ ਦੇ ਤੀਜੇ ਦਰਜੇ ਦੇ ਟਿਕਟ ਬੰਦ ਕਰ ਦਿੱਤੇ ਗਏ। 11 ਅਪਰੈਲ ਦੀ ਰਾਤ ਨੂੰ ਜਨਰਲ ਡਾਇਰ ਆਪਣੇ ਦੋ ਮਾਤਹਿਤਾਂ ਸਮੇਤ ਕਾਰ ਰਾਹੀਂ ਜਲੰਧਰ ਤੋਂ ਅੰਮ੍ਰਿਤਸਰ ਪੁੱਜ ਗਿਆ। ਡਾਇਰ ਕੋਲ 475 ਗੋਰੇ ਤੇ 710 ਹਿੰਦੁਸਤਾਨੀ ਫੌਜੀ ਸਿਪਾਹੀ ਸਨ। ਉਸ ਨੇ ਰੇਲਵੇ ਸਟੇਸ਼ਨ ਤੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਅੱਧੀ ਰਾਤ ਹੀ ਉਹ ਫੌਜੀ ਦਸਤੇ ਸਮੇਤ, ਕੋਤਵਾਲੀ ਵਿੱਚ ਗਿਆ ਤੇ ਸ਼ਹਿਰ ਦੇ ਮੁਖੀ ਲੋਕਾਂ ਦੀ ਸੂਚੀ ਹਾਸਿਲ ਕੀਤੀ। ਉਸ ਨੂੰ ਅੰਮ੍ਰਿਤਸਰ ਦੇ ਡੀ. ਸੀ. ਨੇ ਕਿਹਾ ਕਿ ਸ਼ਹਿਰ ਉਹਦੇ ਕਾਬੂ ਤੋਂ ਬਾਹਰ ਹੈ। ਇੱਥੇ ਹਾਲਾਤ 1857 ਵਰਗੇ ਬਣ ਚੁੱਕੇ ਹਨ। ਸ਼ਹਿਰ ਵਿੱਚ ਗੋਲੀਬਾਰੀ ਨਾਲ ਮਰੇ ਲੋਕਾਂ ਅਤੇ ਲੀਡਰਾਂ ਦੀ ਰਿਹਾਈ ਲਈ ਦਸ ਤਾਰੀਖ ਤੋਂ ਹੀ ਹੜਤਾਲ ਚੱਲ ਰਹੀ ਸੀ। 12 ਅਪਰੈਲ ਨੂੰ ਦੀਨਾ ਨਾਥ ਅਤੇ ਬੁੱਘਾ ਮੱਲ ਸਮੇਤ 12 ਲੀਡਰ ਗ੍ਰਿਫ਼ਤਾਰ ਕੀਤੇ ਗਏ। ਪੰਜਾਬ ਦੇ ਅਨੇਕ ਸ਼ਹਿਰਾਂ ਵਿੱਚ ਅੰਮ੍ਰਿਤਸਰ ਦੀ ਦਸ ਅਪਰੈਲ ਦੀ ਘਟਨਾ ਵਿਰੁੱਧ ਰੋਸ ਪ੍ਰਦਰਸ਼ਨ, ਸਾੜ ਫੂਕ ਹੋ ਰਹੀ ਸੀ। ਫੌਜ ਨੇ ਥਾਂ-ਥਾਂ ਮੋਰਚੇ ਮੱਲੇ ਸਨ। ਅਨੇਕ ਥਾਂਵਾਂ ਤੇ ਹਵਾਈ ਜਹਾਜ਼ਾਂ ਰਾਹੀਂ ਆਮ ਨਾਗਰਿਕਾਂ, ਇੱਥੋਂ ਤੱਕ ਕਿ ਕਣਕ ਵੱਢ ਰਹੇ ਕਿਸਾਨਾਂ 'ਤੇ ਵੀ ਗੁਜਰਾਂਵਾਲੇ ਜ਼ਿਲ੍ਹੇ ਵਿੱਚ ਬੰਬ ਸੁੱਟੇ ਗਏ। ਸਾਰੇ ਪੰਜਾਬ ਨੂੰ ਮਾਰਸ਼ਲ ਲਾਅ ਦੇ ਹਵਾਲੇ ਕੀਤਾ ਗਿਆ।

13 ਅਪਰੈਲ 1919 ਨੂੰ ਵੈਸਾਖੀ ਦਾ ਦਿਨ ਸੀ। ਰੋਕਾਂ ਪਾਬੰਦੀਆਂ ਦੇ ਬਾਵਜੂਦ ਵੀ ਪਿੰਡਾਂ ਅਤੇ ਆਲੇ ਦੁਆਲੇ ਤੋਂ ਹਾਜ਼ਾਰਾਂ ਲੋਕ, ਇਹ ਪੁਰਬ ਮਨਾਉਣ ਲਈ, ਅੰਮ੍ਰਿਤਸਰ ਪੁੱਜ ਗਏ ਸਨ। 13 ਅਪਰੈਲ ਨੂੰ ਜਨਰਲ ਡਾਇਰ, ਡੀ. ਸੀ. ਇਰਵਿੰਗ ਨੇ ਫੌਜ ਅਤੇ ਪੁਲੀਸ ਦੀਆਂ ਟੁਕੜੀਆਂ ਨਾਲ ਸਵੇਰ ਵੇਲੇ ਇੱਕ ਵੱਡਾ ਜਲੂਸ ਕੱਢਿਆ। ਆਪਣੀ ਤਾਕਤ ਦਾ ਪ੍ਰਦਰਸ਼ਨ ਕੀਤਾ ਅਤੇ ਚਾਰ ਤੋਂ ਵੱਧ ਲੋਕਾਂ ਦੇ ਕਿਸੇ ਵੀ ਇਕੱਠ ਨੂੰ ਤਾਕਤ ਨਾਲ ਖਿਡਾਉਣ ਦੀ ਚੇਤਾਵਨੀ ਦਿੱਤੀ। ਡਾਇਰ ਆਪਣਾ ਜਲੂਸ ਲੈ ਕੇ ਵਾਪਸ ਰਾਮ ਬਾਗ ਸ਼ਾਮ ਚਾਰ ਕੁ ਵਜੇ ਤੱਕ ਆ ਗਿਆ। ਉਧਰ ਦੂਜੇ ਪਾਸੇ ਕੁਝ ਨੌਜੁਆਨਾਂ ਨੇ ਇਸੇ ਦਿਨ ਜ਼ਲ੍ਹਿਆਂ ਵਾਲੇ ਬਾਗ ਵਿੱਚ ਸ਼ਾਮ ਨੂੰ ਹੋਣ ਵਾਲੀ ਰੋਸ ਮੀਟਿੰਗ ਦੀ ਮੁਨਾਦੀ ਕਰ ਦਿੱਤੀ। ਚਾਰ ਕੁ ਵਜੇ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਜ਼ਲ੍ਹਿਆਂ ਵਾਲੇ ਬਾਗ ਵਿੱਚ ਪੁੱਜ ਗਏ। ਚਾਰ ਵਜੇ ਦੇ ਲਗ ਭਗ ਰੋਸ ਸਭਾ ਦੀ ਕਾਰਵਾਈ ਸ਼ੁਰੂ ਹੋਈ। ਹੰਸ ਰਾਜ ਨੇ ਡਾ. ਕਿਚਲੂ ਦੀ ਤਸਵੀਰ ਕੁਰਸੀ ਤੇ ਰੱਖ ਕੇ ਉਸ ਨੂੰ ਪ੍ਰਧਾਨ ਥਾਪ ਕੇ, ਲੀਡਰਾਂ ਦੀ ਰਿਹਾਈ, ਦਸ ਤਾਰੀਖ ਦੀ ਗੋਲੀ ਬਾਰੀ ਦੀ ਨਿੰਦਾ ਅਤੇ ਰੌਲਟ ਐਕਟ ਰੱਦ ਕਰਨ ਦੀ ਮੰਗ ਕਰਦੇ ਮਤੇ ਪਾਸ ਕੀਤੇ। ਇਸ ਵਕਤ ਮੁੱਖ ਵਕਤਾ ਲਾਲਾ ਘਨੱਈਆ ਲਾਲ ਵਕੀਲ ਸਨ। ਚਾਰ ਵਜੇ ਐਸ. ਪੀ. ਅੰਮ੍ਰਿਤਸਰ ਨੇ ਬਾਗ ਵਿੱਚ ਹੋ ਰਹੀ, ਵੀਹ ਹਜ਼ਾਰ ਲੋਕਾਂ ਦੀ ਸਭਾ ਦੀ ਖ਼ਬਰ, ਡਾਇਰ ਨੂੰ ਦਿੱਤੀ। ਉਹ ਇਹ ਖ਼ਬਰ ਸੁਣਦਿਆਂ ਹੀ ਅੱਗ ਭਬੂਕਾ ਹੋ ਗਿਆ। ਉਸ ਨੇ ਫੌਜ ਦੀ ਤਿਆਰੀ ਦਾ ਹੁਕਮ ਚਾੜ੍ਹ ਦਿੱਤਾ। ਉਹ ਇਸ ਮੌਕੇ ਨੂੰ ਹਿੰਦੁਸਤਾਨੀਆਂ ਨੂੰ ਰਾਜ ਵਿਦਰੋਹ ਦੀ ਮਿਸਾਲੀ ਸਜ਼ਾ ਦੇਣ ਲਈ ਵਰਤਣਾ ਚਾਹੁੰਦਾ ਸੀ। ਉਸ ਨੇ ਘੋੜ ਸੁਆਰ ਪੁਲੀਸ ਦੇ ਪਿੱਛੇ, ਮੇਜਰ ਬਰਿਗਜ਼ ਨਾਲ ਆਪਣੀ ਕਾਰ ਵਿੱਚ ਸੁਆਰੀ ਕੀਤੀ। ਦੂਜੀ ਕਾਰ ਵਿੱਚ ਐਸ. ਪੀ. ਰੀਹਲ ਤੇ ਡੀ. ਐਸ. ਪੀ. ਪਲੋਮਰ ਸਨ। 90 ਹਥਿਆਰਬੰਦ ਫੌਜੀ ਸਿਪਾਹੀ ਤੇ ਮਸ਼ੀਨਗੰਨਾਂ ਵਾਲੀਆਂ ਦੋ ਹਥਿਆਰਬੰਦ ਮੋਟਰਾਂ ਸਮੇਤ ਉਹ ਸ਼ਾਮ ਦੇ ਸਵਾ ਪੰਜ ਵਜੇ, ਬਾਗ ਵਿੱਚ ਪੁੱਜ ਗਏ। ਬਜ਼ਾਰ ਤੋਂ ਬਾਗ ਨੂੰ ਇੱਕ ਸਾਢੇ ਸੱਤ ਫੁੱਟ ਚੌੜੀ ਗਲੀ ਵਿੱਚੋਂ ਆਰਮਡ ਕਾਰਾਂ, ਅੰਦਰ ਨਾ ਲਿਜਾ ਸਕਣ ਦਾ ਡਾਇਰ ਨੂੰ ਬੜਾ

ਅਫਸੋਸ ਰਿਹਾ। ਸ਼ਾਂਤੀ ਪੂਰਵਕ ਜਲਸੇ ਦੀ ਕਾਰਵਾਈ ਵਿੱਚ ਭਾਗ ਲੈ ਰਹੇ ਲੋਕਾਂ 'ਤੇ ਡਾਇਰ ਦੇ ਹੁਕਮ ਨਾਲ ਬਿਨਾਂ ਚਿਤਾਵਨੀ ਦਿੱਤਿਆਂ ਠੀਕ ਸਾਢੇ ਪੰਜ ਵਜੇ ਗੋਲੀ ਚੱਲਣੀ ਸ਼ੁਰੂ ਹੋਈ। ਦਸ ਤੋਂ ਪੰਦਰਾਂ ਮਿੰਟਾਂ ਤੱਕ ਹੋਈ ਗੋਲੀਬਾਰੀ ਕਾਰਨ ਲੋਕ ਦਾਣਿਆਂ ਜਿਉਂ ਭੁੰਨੇ ਗਏ। ਬਾਹਰ ਨਿਕਲਣ ਦੇ ਇੱਕ ਦੋ ਭੀੜੇ ਰਾਹ ਸਨ। ਬਾਗ ਦੇ ਚਾਰ ਚੁਫ਼ੇਰੇ ਉੱਚੀਆਂ ਕੰਧਾਂ ਸਨ। ਇੱਕ ਪਾਸੇ ਅੰਦਰ ਬਿਨਾਂ ਮਨ ਤੋਂ ਖੂਹ ਸੀ। ਬਹੁਤ ਸਾਰੇ ਲੋਕ ਇਸ ਖੂਹ ਵਿੱਚ ਡਿੱਗ ਗਏ। ਬਾਗ ਤੋਂ ਬਾਹਰ ਜਾਣ ਵਾਲੇ ਰਾਹਾਂ ਵੱਲ ਨਿਸ਼ਾਨਾ ਸੇਧ ਕੇ ਗੋਲੀਬਾਰੀ ਕੀਤੀ। ਅਸਲਾ ਮੁੱਕਣ 'ਤੇ ਹੀ ਗੋਲੀ ਬਾਰੀ ਰੋਕੀ ਗਈ। ਦਾਗੀਆਂ ਗੋਲੀਆਂ ਦੀ ਗਿਣਤੀ 1650 ਸੀ।

ਸਰਕਾਰੀ ਰੀਪੋਰਟ ਮੁਤਾਬਿਕ 337 ਮਾਰੇ ਗਏ ਇਹਨਾਂ ਤੋਂ ਇਲਾਵਾ 41 ਬੱਚੇ ਵੀ ਸ਼ਹੀਦ ਹੋਏ, ਜਿਹਨਾਂ ਵਿੱਚੋਂ ਇੱਕ ਸੱਤ ਹਫਤੇ ਦਾ ਹੀ ਸੀ। ਜ਼ਖ਼ਮੀਆਂ ਦੀ ਤਾਦਾਦ 1500 ਸੀ। ਬਾਅਦ ਵਿੱਚ ਕਾਂਗਰਸ ਦੀ ਬਣਾਈ ਕਮੇਟੀ ਨੇ ਘੋਖ ਪੜਤਾਲ ਕਰਕੇ ਮ੍ਰਿਤਕਾਂ ਦੀ ਗਿਣਤੀ 1200 ਅੰਗੀ ਸੀ। ਜ਼ਖ਼ਮੀਆਂ ਦੀ ਗਿਣਤੀ ਵੀ ਕਿਤੇ ਜਿਆਦਾ ਸੀ। ਇਸੇ ਦਿਨ ਰਾਤ ਨੂੰ ਜਨਰਲ ਡਾਇਰ ਅਤੇ ਡੀ. ਸੀ. ਇਰਵਿੰਗ ਨੇ ਸ਼ਹਿਰ ਵਿੱਚ ਗਸ਼ਤ ਕੀਤੀ। ਹਾਲਾਂਕਿ ਬਾਗ ਵਿੱਚ ਜਾਣ ਸਮੇਂ ਡਾਇਰ ਨੇ ਡੀ. ਸੀ ਨੂੰ ਨਾਲ ਲੈਣ ਲਈ, ਉਸ ਦੀ ਉਡੀਕ ਕਰਨ ਦੀ ਜ਼ਹਿਮਤ ਵੀ ਨਹੀਂ ਉਠਾਈ ਸੀ। ਸਰਕਾਰੀ ਰੀਪੋਰਟਾਂ ਮੁਤਾਬਿਕ ਬਾਗ ਵਿੱਚ ਛੇ ਹਜ਼ਾਰ ਲੋਕਾਂ ਦੀ ਭੀੜ ਸੀ। ਵੈਸਾਖੀ ਦੀ ਰਾਤ ਬਾਗ ਵਿੱਚੋਂ ਜ਼ਖ਼ਮੀਆਂ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਭਾਲਦੇ ਲੋਕਾਂ ਦੀਆਂ ਚੀਕਾਂ ਪੁਕਾਰਾਂ ਰਾਤ ਦੇ ਸ਼ਾਂਤ ਮਾਹੌਲ ਵਿੱਚ ਗੂੰਜਦੀਆਂ ਰਹੀਆਂ। ਅੰਮ੍ਰਿਤਸਰ ਮ੍ਰਿਤਕਾਂ ਦੇ ਪੈਂਦੇ ਵੈਣਾਂ ਦੀ ਨਗਰੀ ਬਣ ਗਿਆ। ਪੰਜਾਬ ਦੇ ਹਾਕਮ ਉਡਵਾਇਰ ਨੇ ਇਸ ਕਾਰੇ ਲਈ ਜਨਰਲ ਡਾਇਰ ਦੀ ਕੰਡ ਥਾਪੜੀ।

ਇਸ ਸਾਕੇ ਦੇ ਪ੍ਰਤੀਕਰਮ ਵਜੋਂ ਅੰਮ੍ਰਿਤਸਰ ਅਤੇ ਕਸੂਰ ਦੇ ਵਿਚਾਲੇ ਰੇਲਵੇ ਸਟੇਸ਼ਨ ਲੋਕਾਂ ਵਲੋਂ ਲੁੱਟੇ ਗਏ। ਇੱਕ ਅੰਗਰੇਜ਼ ਫੌਜੀ ਕਤਲ ਹੋਇਆ ਅਤੇ ਦੋ ਗੋਰੇ ਅਫਸਰ ਜ਼ਖਮੀ ਹੋਏ। ਵਾਇਸਰਾਇ ਦੀ ਮਨਜ਼ੂਰੀ ਨਾਲ ਪੰਜਾਬ ਸਰਕਾਰ ਨੇ ਪਹਿਲਾਂ ਲਾਹੌਰ, ਅੰਮ੍ਰਿਤਸਰ ਫਿਰ ਗੁਜਰਾਤ, ਗੁਜਰਾਂਵਾਲਾ ਅਤੇ ਲਾਇਲਪੁਰ ਵਿੱਚ ਮਾਰਸ਼ਲ ਲਾਅ ਲਾਗੂ ਕਰ ਦਿੱਤਾ। ਇਸ ਨਾਲ ਆਮ ਫੌਜਦਾਰੀ ਅਦਾਲਤਾਂ ਦੀ ਕਾਰਵਾਈ ਮੁਅੱਤਲ ਕਰਕੇ, ਬੰਗਾਲ ਰੈਗੂਲੇਸ਼ਨ 1804 ਦੀ ਧਾਰਾ 2 ਅਤੇ 4 ਦੇ ਅਧੀਨ ਮੁਕੱਦਮੇ ਚਲਾ ਕੇ, ਰਾਜ ਦੇ ਵਿਰੁੱਧ ਬਗਾਵਤ ਕਰਨ ਵਾਲਿਆਂ ਨੂੰ ਤੁਰਤ ਫੁਰਤ ਸਖ਼ਤ ਸਜ਼ਾਵਾਂ ਦਿੱਤੀਆਂ। ਇਹਨਾਂ ਕਮਿਸ਼ਨਾਂ ਤਹਿਤ 852 ਜਣਿਆਂ ਤੇ 114 ਕੇਸ ਬਣੇ। ਇਹਨਾਂ ਕਮਿਸ਼ਨਾਂ ਨੇ 108 ਨੂੰ ਮ੍ਰਿਤੂ ਦੰਡ, 265 ਨੂੰ ਉਮਰ ਕੈਦ, 5 ਨੂੰ ਦਸ-ਦਸ ਸਾਲ ਅਤੇ 104 ਨੂੰ ਇਸ ਤੋਂ ਘੱਟ ਸਮੇਂ ਦੀਆਂ ਸਜ਼ਾਵਾਂ ਦਿੱਤੀਆਂ।

ਜਿੱਥੇ ਮਿਸ. ਸ਼ੇਰਵੁੱਡ ਨੂੰ ਕੁੱਟਿਆ ਸੀ ਉਸ ਲੰਬੀ ਤੇ ਤੰਗ ਗਲੀ ਵਿੱਚੋਂ ਹਰ ਹਿੰਦੁਸਤਾਨੀ ਨੂੰ ਗੋਡਿਆਂ ਤੇ ਕੂਹਣੀਆਂ ਭਾਰ ਰਿਹੜ ਕੇ ਲੰਘਣ ਦਾ ਡਾਇਰ ਦਾ ਹੁਕਮ, ਕਈ ਦਿਨਾਂ ਤੱਕ ਕੋੜੇ ਮਾਰ-ਮਾਰ ਕੇ ਮਨਾਇਆ ਗਿਆ। ਦਸ ਤੋਂ ਵੱਧ ਬੰਦੇ ਹੋਣ ਦਾ ਦੋਸ਼ ਲਾ ਕੇ, ਇੱਕ ਜੰਞ ਨੂੰ ਪਕੜ ਕੇ, ਲਾੜੇ ਤੇ ਗ੍ਰੰਥੀ ਸਮੇਤ ਸਭ ਨੂੰ ਬੈਂਤ ਮਾਰੇ ਗਏ। ਅਖ਼ਬਾਰਾਂ ਦੇ ਐਡੀਟਰ ਲੋਕਾਂ ਦੇ ਪੱਖ ਵਿੱਚ ਲਿਖਣ ਕਰਕੇ ਦੋ ਦੋ ਸਾਲ ਤੱਕ ਕੈਦ ਕਰ ਦਿੱਤੇ ਗਏ। ਦੋ ਮਹੀਨੇ ਦੇ ਲਗਪਗ ਪੰਜਾਬ ਵਿੱਚ ਮਾਰਸ਼ਲ ਲਾਅ ਦੇ ਦਿਨਾਂ ਵਿੱਚ ਹੀ 28 ਮਈ 1919 ਨੂੰ ਉਡਵਾਇਰ ਰੀਟਾਇਰ ਹੋ ਕੇ ਆਪਣੀਆਂ ਤਲਖ ਯਾਦਾਂ ਪਿੱਛੇ ਛੱਡ ਕੇ, ਵਾਪਸ ਇੰਗਲੈਂਡ ਚਲਾ ਗਿਆ। ਪੰਜਾਬ ਦੇ ਇੱਕ ਸੂਰਬੀਰ ਊਧਮ ਸਿੰਘ ਸੁਨਾਮ ਉਰਫ ਰਾਮ ਮੁਹੰਮਦ ਸਿੰਘ ਆਜ਼ਾਦ ਨੇ ਉਸ ਨੂੰ 21 ਸਾਲ ਬਾਅਦ ਇੰਗਲੈਂਡ ਵਿੱਚ ਜਾ ਕੇ ਮੌਤ ਦੇ ਘਾਟ ਉਤਾਰਿਆ ਅਤੇ 31 ਜੁਲਾਈ 1940 ਨੂੰ ਉੱਥੇ ਹੀ ਉਹ ਸੂਰਮਾ ਫਾਂਸੀ ਦੇ ਫੰਧੇ 'ਤੇ ਝੂਲ ਗਿਆ।

ਜ਼ਲਿਆਂ ਵਾਲਾ ਬਾਗ ਸਾਕੇ ਦੀ ਦੁਖਦਾਈ ਘਟਨਾ ਦੀ ਖ਼ਬਰ ਜਿਵੇਂ ਜਿਵੇਂ ਦੇਸ਼ ਵਾਸੀਆਂ ਤੱਕ ਪਹੁੰਚੀ ਸਾਰੇ ਦੇਸ਼ ਵਿੱਚ ਸ਼ੋਕ ਦੀ ਲਹਿਰ ਫੈਲ ਗਈ। ਵਾਇਸਰਾਇ ਦੀ ਕੌਂਸਲ ਦੇ ਮੈਂਬਰ ਸਰ ਸ਼ੰਕਰਨ ਨੇ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ। ਮਹਾਂ ਕਵੀ ਰਬਿੰਦਰ ਨਾਥ ਟੈਗੋਰ ਨੇ ਸਰ ਦਾ ਖਿਤਾਬ ਵਾਪਿਸ ਕਰ ਦਿੱਤਾ। ਇਸ ਦੇ ਨਾਲ ਹੀ ਰੌਲਟ ਐਕਟ ਨੂੰ ਰੱਦ ਕਰਨ ਦੀ ਮੰਗ ਵੀ ਜੋਰ ਫੜ ਗਈ। ਹੰਟਰ ਕਮੇਟੀ ਦੀ ਰੀਪੋਰਟ ਆਉਣ ਤੋਂ ਬਾਅਦ ਜਨਰਲ ਡਾਇਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ। ਕਮੇਟੀ ਦਾ ਮੱਤ ਸੀ ਕਿ ਉਸਨੇ ਬੇਲੋੜੀ ਤਾਕਤ ਦਾ ਵਿਖਾਵਾ ਉਸ ਕੰਮ ਲਈ ਕੀਤਾ ਸੀ ਜੋ ਉਹ ਬਿਨਾਂ ਗੋਲੀ ਚਲਾਇਆਂ ਵੀ ਕਰ ਸਕਦਾ ਸੀ। ਉਹ 1920 ਵਿੱਚ ਇੰਗਲੈਂਡ ਪਰਤ ਗਿਆ, ਜਿੱਥੇ 23 ਜੁਲਾਈ 1927 ਨੂੰ ਉਸਦੀ ਮੌਤ ਹੋ ਗਈ। ਇੰਗਲੈਂਡ ਦੇ ਕੁਝ ਅਖ਼ਬਾਰਾਂ ਨੇ ਉਸ ਦੀ ਪ੍ਰਸੰਸਾ ਕੀਤੀ ਅਤੇ ਲਗਪਗ ਤੀਹ ਹਜ਼ਾਰ ਪੌਂਡ ਦੀ ਰਕਮ ਉਸਦੀ ਸਹਾਇਤਾ ਲਈ ਇਕੱਠੀ ਕਰਕੇ ਦਿੱਤੀ।

ਕਿਮ ਏ ਵੈਗਨਰ ਇੱਕ ਬਰਤਾਨਵੀ ਇਤਿਹਾਸਕਾਰ ਨੇ ਪਿੱਛੇ ਜਿਹੇ ਇੱਕ ਕਿਤਾਬ, "ਜ਼ਲ੍ਹਿਆਂ ਵਾਲਾ ਬਾਗ : ਐਨ ਅਮਪਾਇਰ ਆਫ ਫੀਅਰ ਐਂਡ ਦਿ ਮੇਕਿੰਗ ਆਫ ਏ ਮੈਸਾਕਰ" ਪਿੱਛੇ ਜਿਹੇ ਛਪਵਾਈ ਹੈ। ਉਸ ਦੇ ਅਨੁਸਾਰ ਜ਼ਲ੍ਹਿਆਂ ਵਾਲੇ ਬਾਗ ਦਾ ਸਾਕਾ ਕੋਈ ਅਚਾਨਕ

ਵਾਪਰੀ ਘਟਨਾ ਜਾਂ ਡਾਇਰ ਦੇ ਖੁਰਾਫਾਤੀ ਦਿਮਾਗ ਦੀ ਕਾਢ ਨਹੀਂ ਸੀ ਸਗੋਂ ਅੰਗਰੇਜ਼ੀ ਰਾਜ ਵਲੋਂ ਭਾਰਤੀ ਅਵਾਮ ਅੰਦਰ, ਦਹਿਸ਼ਤ ਬਿਠਾਉਣ ਦੀ ਸੋਚੀ ਸਮਝੀ ਕਾਰਵਾਈ ਸੀ। ਇਹ ਘੱਲੂਘਾਰਾ ਮਿਸਾਲੀ ਹਿੰਸਾ ਦੀ ਵੱਡੀ ਝਲਕ ਸੀ। ਇਹ ਕਤਲੇਆਮ ਬਿਨਾਂ ਕਿਸੇ ਭੜਕਾਹਟ ਤੋਂ ਕੀਤਾ ਗਿਆ। ਸੰਨ 1857 ਵਿੱਚ ਸੈਨਿਕ ਵਿਦਰੋਹ ਨੂੰ ਕੁਚਲਣ ਲਈ ਅੰਮ੍ਰਿਤਸਰ ਦੇ ਤੱਤਕਾਲੀ ਡਿਪਟੀ ਕਮਿਸ਼ਨਰ ਕੂਪਰ ਨੇ ਅਜਨਾਲੇ ਵਿੱਚ ਪੂਰਬੀ ਸਿਪਾਹੀਆਂ ’ਤੇ ਘੋਰ ਅੱਤਿਆਚਾਰ ਕੀਤਾ ਸੀ, ਜਿਸ ਦੀ ਅਗਵਾਈ 'ਕਾਲਿਆਂ ਦਾ ਖੂਹ' ਅਤੇ 'ਕਾਲਿਆਂ ਦਾ ਬੁਰਜ' ਦਿੰਦੇ ਹਨ। ਇਸੇ ਲੜੀ ਵਿੱਚ ਕਾਵਨ ਦੁਆਰਾ ਕੂਕਾ ਕਤਲੇਆਮ ਨੂੰ ਜੋੜਦਿਆਂ, ਵੈਗਨਰ ਲਿਖਦਾ ਹੈ : ਡਾਇਰ ਅੰਮ੍ਰਿਤਸਰ ਦੇ 1857 ਵਿੱਚ ਡੀ. ਸੀ. ਰਹੇ ਫ੍ਰੈਡਰਿਕ ਹੈਨਰੀ ਕੂਪਰ ਅਤੇ 1872 ਵਿੱਚ ਲੁਧਿਆਣਾ ਦੇ ਡੀ. ਸੀ. ਐਲ. ਕੌਵਨ ਜਿਸਨੇ ਮਲੇਰਕੋਟਲੇ ਵਿੱਚ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ, ਆਪਣੇ ਤੋਂ ਪਹਿਲਾਂ ਦੇ ਕਈ ਬਸਤੀਵਾਦੀ ਹਾਕਮਾਂ ਦੇ ਪਦ-ਚਿੰਨ੍ਹਾਂ ਤੇ ਹੀ ਚੱਲ ਰਿਹਾ ਸੀ। ਇਹਨਾਂ ਦੋਹਾਂ ਅਫ਼ਸਰਾਂ ਨੇ ਬਗਾਵਤ ਨੂੰ ਮਿਸਾਲੀ ਤੇ ਅੰਨ੍ਹੇਵਾਹ ਹਿੰਸਾ ਨਾਲ ਕੁਚਲਿਆ ਸੀ। ਵੈਗਨਰ ਨੇ ਲਿਖਿਆ “1857 ਅਤੇ 1872 ਦੀ ਹਿੰਸਾ ਵਾਂਗ ਹੀ ਜ਼ਲ੍ਹਿਆਂ ਵਾਲੇ ਬਾਗ ਦਾ ਕਤਲੇਆਮ, ਬਸਤੀਵਾਦੀ ਨਿਜ਼ਾਮ ਦਾ ਉਹ ਵਰਤਾਰਾ ਸੀ ਜਿਸ ਨੂੰ ਅੰਦਰ ਕਿਤੇ ਇਹ ਅਹਿਸਾਸ ਸੀ ਕਿ ਮਿਸਾਲੀ ਹਿੰਸਾ ਦੀ ਨੁਮਾਇਸ਼ ਤੋਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ।”

ਪਹਿਲੀ ਸੰਸਾਰ ਜੰਗ ਵਿੱਚ ਜਿੱਥੇ ਦੇਸ਼ ਦੇ ਬਾਕੀ ਸਭ ਧਾਰਮਿਕ, ਸਮਾਜਿਕ ਤੇ ਸਿਆਸੀ ਆਗੂ ਫੌਜੀ ਭਰਤੀ ਲਈ ਪੂਰਾ ਯੋਗਦਾਨ ਪਾ ਰਹੇ ਸਨ, ਉਸ ਸਮੇਂ ਦੇ ਨਾਮਧਾਰੀ ਮੁਖੀ, ਸਤਿਗੁਰੂ ਪਰਤਾਪ ਸਿੰਘ ਨੇ ਇਸ ਮੁਹਿੰਮ ਤੋਂ ਪੂਰੀ ਤਰ੍ਹਾਂ ਕਿਨਾਰਾ ਕਰੀ ਰੱਖਿਆ। ਲੜਾਈ ਦੇ ਪਹਿਲੇ ਸਾਲ 1914 ਅਤੇ ਫਿਰ 1918 ਦੇ ਲਾਗੇ ਚਾਗੇ ਦੋ ਵਾਰ ਲੁਧਿਆਣੇ ਦਾ ਡੀ. ਸੀ. ਭਰਤੀ ਮੁਹਿੰਮ ਵਿੱਚ ਮਦਦ ਲੈਣ ਸ੍ਰੀ ਭੈਣੀ ਸਾਹਿਬ ਆਇਆ। ਸਤਿਗੁਰੂ ਜੀ ਦੇ ਉਪਦੇਸ਼ ਵਿੱਚ ਦਰਜ ਹੈ-

ਦੂਜੀ ਵੇਰ ਫੇਰ ਡੀ. ਸੀ. ਐਥੇ ਮੇਰੇ ਪਾਸ ਆਇਐ। ਅਠਾਰਾਂ ਜਾਂ ਉਨੀ (ਸੰਨ 1918-19) 'ਚ, ਮੈਨੂੰ ਸੰਨ ਨਹੀਂ ਯਾਦ-ਨਿਮਾਣੀ ਦੇ ਮੇਲੇ 'ਚ-ਤੁਸੀਂ ਫੌਜ 'ਚ ਭਰਤੀ ਦਿਉ। ਮੈਂ ਕਿਹਾ ਅਸੀਂ ਫੌਜ 'ਚ ਕਿਸ ਤਰ੍ਹਾਂ ਭਰਤੀ ਦੇਈਏ, ਅਸੀਂ ਤੁਹਾਡਾ ਖਾਈਏ ਨਾ, ਪੀਏ ਨਾ, ਨਾ ਤੁਹਾਡੇ ਤੋਂ ਲਈਏ, ਨਾ ਦੇਈਏ, ਸਾਡਾ ਤੁਹਾਡਾ ਕੀ ਤੁਅੱਲਕ ਹੈ ਫੌਜੀ ਭਰਤੀ ਦੇਣ ਦਾ।”

ਜ਼ਲ੍ਹਿਆਂ ਵਾਲੇ ਬਾਗ ਦੇ ਉਸ ਖੂਨੀ ਕਾਂਡ ਦੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੋਵੇਂ ਛੋਟੇ ਭਰਾਤਾ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਚਸ਼ਮਦੀਦ ਗਵਾਹ ਸਨ। ਉਹ ਨਾਮਧਾਰੀ ਪੰਥ ਦੀਆਂ ਇਨਕਲਾਬੀ ਰਵਾਇਤਾਂ ਨੂੰ ਸਿਰੇ ਚਾੜ੍ਹਨ ਹਿੱਤ, ਇਸ ਘਟਨਾ ਤੋਂ ਬਾਅਦ ਬਹੁਤ ਸਾਰੇ ਨਾਮਧਾਰੀ ਸਿੰਘਾਂ ਸਮੇਤ ਦੇਸ਼ ਆਜ਼ਾਦੀ ਲਈ ਚੱਲਣ ਵਾਲੇ ਕੌਮੀ ਅੰਦੋਲਨ ਵਿੱਚ ਪੂਰੀ ਸਰਗਰਮੀ ਨਾਲ ਜੁੱਟ ਗਏ ਸਨ। ਅਗਲੇ ਸਾਲ ਵਰਨ ਪਿੰਡ ਦੇ ਹੋਲੇ ਮਹੱਲੇ ਸਮੇਂ, ਨਾਮਧਾਰੀ ਦਰਬਾਰ ਦੇ ਬੁਲਾਰੇ ਸਤਿਜੁਗ, ਹਫਤਾਵਾਰ ਪੰਜਾਬੀ ਪਰਚੇ ਦਾ ਪਰਕਾਸ਼ਨ, ਕੌਮੀ ਭਾਵਨਾਵਾਂ ਨੂੰ ਮਜ਼ਬੂਤ ਕਰਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਹੋਇਆ। ਉਸ ਪਰਚੇ ਦੇ ਸਰਵਰਕ ਤੇ ਨਿਰੰਕਾਰ ਸਿੰਘ ਚੇਤਨ ਹੋਰਾਂ ਦੀ ਜਿਹੜੀ ਪਹਿਲੀ ਕਵਿਤਾ ਛਪੀ ਸੀ, ਉਹ ਵੀ ਇਸ ਭਿਆਨਕ ਸਾਕੇ ਸਮੇਂ ਦੇਸ਼ ਵਾਸੀਆਂ ਦੇ ਡੁੱਲ੍ਹੇ ਸਾਂਝੇ ਖੂਨ ਦਾ ਇਜ਼ਹਾਰ ਕਰਦੀ ਸੀ-

“ਸਤਿਜੁਗ ਅਖਬਾਰ ਹੈ ਨਾਮ ਏਹਦਾ,
ਏਹਨੂੰ ਸ਼ੁਰੂ ਕੀਤਾ ਨਾਮਧਾਰੀਆਂ ਨੇ।
ਹੁਣ ਸਮੇਂ ਨੇ ਆਣ ਕੇ ਫੇਰ ਖਾਧਾ,
ਗੱਲਾਂ ਵਿਗੜੀਆਂ ਰੱਬ ਸਵਾਰੀਆਂ ਨੇ।
ਨਾਲ ਲਹੂ ਦੇ, ਸਿੰਜਿਆ ਬਾਗ ਕੌਮੀ,
ਸਿੱਖਾਂ ਹਿੰਦੂਆਂ ਮੋਮਨਾਂ ਆਰੀਆਂ ਨੇ।
ਫੁੱਲ ਖਿੜੇ ਪੰਖੇਰੂ ਚਹਿਕ ਉੱਠੇ,
ਭੁੱਲ ਗਈਆਂ ਮੁਸੀਬਤਾਂ ਸਾਰੀਆਂ ਨੇ।

ਜ਼ਲ੍ਹਿਆਂ ਵਾਲਾ ਬਾਗ ਦੇ ਜਾਣੇ ਪਹਿਚਾਣੇ ਅਤੇ ਕਿਤੇ ਵੱਧ ਗੁੰਮਨਾਮ ਸ਼ਹੀਦਾਂ ਨੂੰ ਅਤੇ ਕੌਮੀ ਮੁਕਤੀ ਯੁੱਧ ਦੇ ਸਮੂਹ ਸ਼ਹੀਦਾਂ ਨੂੰ, ਖੂਨੀ ਵੈਸਾਖੀ ਦੀ ਪਹਿਲੀ ਸ਼ਤਾਬਦੀ ਸਮੇਂ ਸਾਡਾ ਨਮਨ ਹੈ। ਜ਼ਲ੍ਹਿਆਂ ਵਾਲਾ ਬਾਗ ਸਾਨੂੰ ਜੋ ਸਬਕ ਦਿੰਦਾ ਹੈ, ਉਸ ਮੁਤਾਬਿਕ ਲੁੱਟ ਖਸੁੱਟ ਤੇ ਆਧਾਰਿਤ ਸਾਮਰਾਜੀ ਵਿਵਸਥਾ ਨਾ ਉਦੋਂ ਸਾਡੇ ਹਿੱਤ ਵਿੱਚ ਸੀ ਅਤੇ ਨਾ ਹੀ ਉਸਦੇ ਬਦਲੇ ਰੂਪ ਨੂੰ ਲੈ ਕੇ ਸਾਡੇ ਬਜ਼ਾਰ ਵਿੱਚ ਦਾਖਲ ਹੋਣ ਆ ਰਹੀ, ਵਿਸ਼ਵ ਪੂੰਜੀ ਸਾਡੇ ਭਲੇ ਵਿੱਚ ਹੈ। ਦੂਜਾ ਸਬਕ, ਦੇਸ਼ ਦੀ ਸੰਪਰਦਾਇਕ ਏਕਤਾ ਨੂੰ ਹਰ ਹਾਲ ਬਣਾਏ ਰੱਖਣਾ ਹੈ। ਤੀਜਾ ਸਬਕ ਇਹ ਹੈ ਕਿ ਹਰ ਅੱਤਿਆਚਾਰੀ ਰਾਜ ਭਾਵੇਂ ਉਹ ਕਿੱਡਾ ਵਿਸ਼ਾਲ ਹੋਵੇ ਉਸ ਦਾ ਅੰਤ ਲਾਜ਼ਮੀ ਹੁੰਦਾ ਹੈ।

**-ਕਰੀਵਾਲਾ, ਸਿਰਸਾ**

# ਲਹੂ ਲੁਹਾਨ ਵਿਸਾਖੀ '19 ਦੀ

- ਡਾ. ਗੁਰਦੇਵ ਸਿੰਘ ਸਿੱਧੂ

**ਪਿਛੋਕੜ**

ਅੰਗਰੇਜ਼ ਹਕੂਮਤ ਲਈ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਹਿੰਦੁਸਤਾਨ ਦੇ ਵੱਡੇ ਭਾਗ ਵਿਚ ਹੋ ਰਹੀਆਂ ਇਨਕਲਾਬੀ ਗਤੀਵਿਧੀਆਂ ਵੱਡੀ ਚਿੰਤਾ ਦਾ ਕਾਰਨ ਸਨ। ਜਿਨ੍ਹਾਂ ਨੂੰ ਠੱਲ੍ਹ ਪਾਉਣ ਲਈ ਰਾਹ ਲੱਭਣ ਵਾਸਤੇ ਗਵਰਨਰ-ਜਨਰਲ ਨੇ 10 ਦਸੰਬਰ 1917 ਨੂੰ ਜਸਟਿਸ ਮਿਸਟਰ ਰੌਲਟ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ। ਇਸ ਕਮੇਟੀ ਵੱਲੋਂ ਕੀਤੀ ਸਿਫਾਰਸ਼ ਦੀ ਲੋਅ ਵਿਚ ਸਰਕਾਰ ਨੇ 'ਦਿ ਅਨਾਰਕੀਕਲ ਐਂਡ ਰੈਵੋਲਿਊਸ਼ਨਰੀ ਕ੍ਰਾਈਮਜ਼ ਬਿਲ' ਬਣਾਇਆ ਜੋ ਲੋਕਾਂ ਵਿਚ 'ਰੌਲਟ ਬਿਲ' ਨਾਂ ਨਾਲ ਜਾਣਿਆ ਗਿਆ। ਇਹ ਬਿਲ ਸਰਕਾਰ ਨੂੰ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਅਣਮਿਥੇ ਸਮੇਂ ਲਈ ਨਜ਼ਰਬੰਦ ਰੱਖਣ ਦਾ ਅਧਿਕਾਰ ਦਿੰਦਾ ਸੀ, ਜਿਸ ਕਾਰਨ ਪਹਿਲੇ ਵਿਸ਼ਵ ਜੁੱਧ ਵਿਚ ਸਰਕਾਰ ਦੀ ਦਿਲੋਂ ਮਨੋਂ ਮਦਦ ਕਰਨ ਬਦਲੇ ਰਾਜ ਪ੍ਰਬੰਧ ਵਿਚ ਕੁੱਝ ਹਿੱਸਾ ਮਿਲਣ ਦੀ ਆਸ ਲਾਈ ਬੈਠੇ ਗਾਂਧੀ ਜੀ ਅਤੇ ਹੋਰ ਹਿੰਦੁਸਤਾਨੀ ਲੋਕ ਨਿਰਾਸ਼ ਹੋ ਗਏ। ਇਮਪੀਰੀਅਲ ਲੈਜਿਸਲੇਟਿਵ ਕੌਂਸਲ ਵਿਚ ਸ੍ਰੀ ਵੀ. ਜੀ. ਪਟੇਲ, ਸ੍ਰੀ ਸੁਰਿੰਦਰ ਨਾਥ ਬੈਨਰਜੀ, ਜਨਾਬ ਮੁਹੰਮਦ ਅਲੀ ਜਿਨਾਹ, ਪੰਡਤ ਮਦਨ ਮੋਹਨ ਮਾਲਵੀਆ, ਸ੍ਰੀ ਬੀ. ਬੀ. ਸ਼ੁਕਲ, ਸਰ ਤੇਜ ਬਹਾਦਰ ਸਪਰੂ ਆਦਿ ਮੈਂਬਰਾਂ ਵੱਲੋਂ ਇਸ ਬਿੱਲ ਦਾ ਜ਼ੋਰਦਾਰ ਵਿਰੋਧ ਕੀਤੇ ਜਾਣ ਦੇ ਬਾਵਜੂਦ ਸਰਕਾਰ ਨੇ 18 ਮਾਰਚ 1919 ਨੂੰ ਇਸ ਨੂੰ ਪਾਸ ਕਰਵਾ ਲਿਆ ਤਾਂ ਗਾਂਧੀ ਜੀ ਨੇ ਇਸ ਖਿਲਾਫ ਜਨ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ।

ਸੱਤਿਆਗ੍ਰਹਿ ਦੇ ਪਹਿਲੇ ਪੜਾਅ ਵਜੋਂ ਗਾਂਧੀ ਜੀ ਨੇ 30 ਮਾਰਚ 1919 ਦੇ ਦਿਨ ਦੇਸ਼ ਭਰ ਵਿਚ ਹੜਤਾਲ ਕਰਨ ਦਾ ਸੱਦਾ ਦਿੱਤਾ, ਪਿੱਛੋਂ ਇਹ ਮਿਤੀ ਬਦਲ ਕੇ 6 ਅਪ੍ਰੈਲ ਕਰ ਦਿੱਤੀ ਗਈ। ਹੜਤਾਲ ਦੇ ਸੱਦੇ ਨੂੰ ਦੇਸ਼ ਭਰ ਵਿਚ ਹੁੰਗਾਰਾ ਮਿਲਿਆ ਪਰ ਪੰਜਾਬ ਵਿਚ ਇਹ ਹੁੰਗਾਰਾ ਬੇਮਿਸਾਲ ਸੀ। ਅੰਤਰ ਰਾਸ਼ਟਰੀ ਪੱਧਰ ਉੱਤੇ ਵਾਪਰੀਆਂ ਦੋ ਘਟਨਾਵਾਂ - ਅਕਤੂਬਰ 1917 ਵਿਚ ਰੂਸ ਵਿਚ ਆਇਆ ਇਨਕਲਾਬ ਜਿੱਥੇ ਲੋਕ ਉਭਾਰ ਨੇ ਜ਼ਾਰਸ਼ਾਹੀ ਨੂੰ ਮਿਟਾ ਕੇ ਰਾਜ ਸੱਤਾ ਲੋਕ ਨੁਮਾਇੰਦਿਆਂ ਦੇ ਹੱਥ ਸੌਂਪ ਦਿੱਤੀ ਸੀ, ਅਤੇ ਅਮਰੀਕਾ ਦੇ ਰਾਸ਼ਟਰਪਤੀ ਵਿਲਸਨ ਵੱਲੋਂ ਸੰਸਾਰ ਜੰਗ ਵਿਚ ਸ਼ਾਮਲ ਹੋਣ ਬਾਰੇ ਦਿੱਤਾ ਇਹ ਬਿਆਨ ਕਿ ਅਮਰੀਕਾ ਨੂੰ ਛੋਟੀਆਂ ਕੌਮਾਂ ਦੀ ਆਜ਼ਾਦੀ ਲਈ ਜੰਗ ਵਿਚ ਕੁੱਦਣਾ ਪਿਆ ਹੈ। ਜਨਤਾ ਨੂੰ ਰਾਜਸੀ ਭਿਆਲੀ ਵਿਚ ਭਾਈਵਾਲ ਹੋਣ ਲਈ ਉਤਸ਼ਾਹਿਤ ਕਰ ਰਹੀਆਂ ਸਨ। ਹਿੰਦੁਸਤਾਨ ਦਾ ਪੜ੍ਹਿਆ ਲਿਖਿਆ ਤਬਕਾ, ਜੋ ਇਨ੍ਹਾਂ ਦੋਵਾਂ ਘਟਨਾਵਾਂ ਤੋਂ ਉਤਸ਼ਾਹਿਤ ਹੋ ਕੇ ਸਰਕਾਰ ਨਾਲ ਦਸਤਪੰਜਾ ਲੈਣ ਲਈ ਮੌਕੇ ਦੀ ਭਾਲ ਵਿੱਚ ਸੀ, ਸੱਤਿਆਗ੍ਰਹਿ ਦੇ ਵਲੰਟੀਅਰ ਬਣਨ ਵਾਲਿਆਂ ਵਿੱਚ ਮੋਹਰੀ ਸੀ। ਗਾਂਧੀ ਜੀ ਵੱਲੋਂ ਪੇਸ਼ ਕੀਤਾ ਗਿਆ ਸੱਚਾਈ ਅਤੇ ਅਹਿੰਸਾ ਦਾ ਸਰਲ ਤੇ ਸਾਦਾ ਜਿਹਾ ਤਰੀਕਾ ਲੀਡਰਾਂ ਅਤੇ ਉਨ੍ਹਾਂ ਦੇ ਮਗਰ ਲੱਗਣ ਵਾਲੇ ਲੋਕਾਂ - ਦੋਵਾਂ - ਨੂੰ ਇੱਕੋ ਜਿਹਾ ਅਪੀਲ ਕਰ ਗਿਆ। ਉਨ੍ਹਾਂ ਨੇ ਗਾਂਧੀ ਜੀ ਦੀ ਲਲਕਾਰ ਦਾ ਪੂਰੇ ਜੋਸ਼ ਅਤੇ ਦਿਲ ਨਾਲ (ਅਕਸਰ ਅੰਨ੍ਹੇ ਵਾਹ ਹੀ) ਹੁੰਗਾਰਾ ਦਿੱਤਾ।

**ਰਾਮ ਨੌਮੀ ਸਮੇਂ ਫਿਰਕੂ ਏਕਤਾ ਦਾ ਅਦੁੱਤੀ ਨਜ਼ਾਰਾ**

ਗਾਂਧੀ ਜੀ ਵੱਲੋਂ ਖਿਲਾਫਤ ਪੱਖੀ ਮੁਸਲਮਾਨ ਆਗੂਆਂ ਨੂੰ ਆਪਣੇ ਨਾਲ ਜੋੜ ਲੈਣ ਸਦਕਾ 6 ਅਪ੍ਰੈਲ ਦੀ ਹੜਤਾਲ ਵਿਚ ਮੁਸਲਮਾਨਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਜਿਸ ਨਾਲ ਦੋਵੇਂ ਫਿਰਕੇ ਆਪਸੀ ਕੁੜੱਤਣ ਨੂੰ ਭੁਲਾ ਕੇ ਇਕ ਮੰਚ ਉੱਤੇ ਇਕੱਠੇ ਹੋਏ। ਇਸ ਦੁਵੱਲੀ ਸਾਂਝ ਨੇ ਅੰਮ੍ਰਿਤਸਰ ਵਿਚ ਇਸ ਸਾਲ 9 ਅਪ੍ਰੈਲ ਦੇ ਦਿਨ ਮਨਾਏ ਗਏ ਰਾਮ ਨੌਮੀ ਦੇ ਤਿਉਹਾਰ ਨੂੰ ਨਵਾਂ ਹੀ ਰੰਗ ਦੇ ਦਿੱਤਾ। ਨਿਵੇਕਲੀ ਗੱਲ ਇਹ ਸੀ ਕਿ ਰਾਮ ਨੌਮੀ ਦੇ ਜਲੂਸ ਵਿਚ ਮੁਸਲਮਾਨਾਂ ਨੇ ਵੀ ਵਧ ਚੜ੍ਹ ਕੇ ਭਾਗ ਲਿਆ। ਰਾਮ ਨੌਮੀ ਦੇ ਜਲੂਸ ਦੀ ਅਗਵਾਈ ਡਾਕਟਰ ਹਾਫਿਜ਼ ਮੁਹੰਮਦ ਬਸ਼ੀਰ ਨੇ ਘੋੜੇ ਉੱਤੇ ਸਵਾਰ ਹੋ ਕੇ ਕੀਤੀ। ਜਲੂਸ ਵਿਚ ਸ਼ਾਮਿਲ ਲੋਕਾਂ ਵੱਲੋਂ ਚੁੱਕੇ ਝੰਡਿਆਂ ਉੱਤੇ ਹਿੰਦੂ ਮੁਸਲਿਮ ਏਕਤਾ ਪ੍ਰਗਟਾਉਂਦੇ ਨਾਅਰੇ ਲਿਖੇ ਹੋਏ ਸਨ। ਜਲੂਸ ਵਿਚ ਹਿੰਦੂ ਅਤੇ ਮੁਸਲਮਾਨ ਇਉਂ ਘੁਲ ਮਿਲ ਕੇ ਚੱਲ ਰਹੇ ਸਨ ਕਿ ਸੋਚਿਆ ਨਹੀਂ ਸੀ ਜਾ ਸਕਦਾ ਕਿ ਕਦੇ ਉਨ੍ਹਾਂ ਵਿਚ ਇੱਟ ਕੁੱਤੇ ਦਾ ਵੈਰ ਵੀ ਰਿਹਾ ਹੋਵੇਗਾ। ਡਾਕਟਰ ਕਿਚਲੂ ਅਤੇ ਡਾਕਟਰ ਸੱਤਿਆਪਾਲ ਨੇ ਡਿਪਟੀ ਕਮਿਸ਼ਨਰ ਵੱਲੋਂ ਉਨ੍ਹਾਂ ਦੇ ਬੋਲਣ ਉੱਤੇ ਲਾਈ

ਪਾਬੰਦੀ ਦੀ ਪਾਲਣਾ ਕੀਤੀ ਪਰ ਇਸ ਦਿਨ ਦੇ ਇਕੱਠ ਨੇ ਉਨ੍ਹਾਂ ਦੀ ਲੋਕ ਪ੍ਰਿਯਤਾ ਦਾ ਸਬੂਤ ਪੇਸ਼ ਕਰ ਦਿੱਤਾ। ਫਲਸਰੂਪ ਲੈਫਟੀਨੈਂਟ ਗਵਰਨਰ ਓਡਵਾਇਰ ਨੇ ਡਾਕਟਰ ਕਿਚਲੂ ਅਤੇ ਡਾਕਟਰ ਸੱਤਿਆਪਾਲ ਨੂੰ ਅੰਮ੍ਰਿਤਸਰ ਸ਼ਹਿਰ ਦੇ ਅਮਨ ਚੈਨ ਲਈ ਖਤਰਾ ਦੱਸਦਿਆਂ ਡਿਪਟੀ ਕਮਸ਼ਿਨਰ ਅੰਮ੍ਰਿਤਸਰ ਮਿਸਟਰ ਇਰਵਿੰਗ ਨੂੰ ਹੁਕਮ ਦਿੱਤਾ ਕਿ ਇਹਨਾਂ ਦੋਹਾਂ ਆਗੂਆਂ ਨੂੰ ਪੰਜਾਬ-ਬਦਰ ਕਰ ਦਿੱਤਾ ਜਾਵੇ।

ਡਿਪਟੀ ਕਮਿਸ਼ਨਰ ਨੂੰ ਇਹ ਹੁਕਮ ਸ਼ਾਮ ਸਮੇਂ ਮਿਲਿਆ ਅਤੇ ਉਸ ਨੇ ਤੁਰਤ ਇਸ ਹੁਕਮ ਉੱਤੇ ਅਮਲ ਕਰਨ ਲਈ ਆਪਣੇ ਅਧਿਕਾਰੀਆਂ ਨੂੰ ਬੁਲਾ ਕੇ ਅਗਲੇ ਦਿਨ ਇਸ ਉੱਤੇ ਅਮਲ ਕਰਨ ਵਾਸਤੇ ਯੋਜਨਾਬੰਦੀ ਕਰ ਲਈ। ਇਸ ਵਿਉਂਤ ਅਨੁਸਾਰ ਡਾਕਟਰ ਸੱਤਿਆਪਾਲ ਅਤੇ ਡਾਕਟਰ ਕਿਚਲੂ ਨੂੰ 10 ਵਜੇ ਡਿਪਟੀ ਕਮਿਸ਼ਨਰ ਦੀ ਕੋਠੀ ਬੁਲਾ ਕੇ ਪੁਲਸ ਪਹਿਰੇ ਹੇਠ ਧਰਮਸਾਲਾ ਲਈ ਰਵਾਨਾ ਕਰ ਦਿੱਤਾ ਗਿਆ। ਦੋਵਾਂ ਆਗੂਆਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸ਼ਹਿਰ ਵਿਚ ਫੈਲ ਗਈ। ਛੇਤੀ ਹੀ ਸਾਰਾ ਸ਼ਹਿਰ ਬੰਦ ਹੋ ਗਿਆ ਅਤੇ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਆਪਣੇ ਆਗੂਆਂ ਦੇ ਥਹੁ ਪਤੇ ਬਾਰੇ ਜਾਨਣ ਲਈ ਭੀੜਾਂ ਸਿਵਲ ਲਾਈਨਜ਼ ਸਥਿਤ ਡਿਪਟੀ ਕਮਿਸ਼ਨਰ ਦੀ ਕੋਠੀ ਵੱਲ ਤੁਰ ਪਈਆਂ। ਰੀਗੋ ਪੁਲ ਅਤੇ ਲੱਕੜੀ ਦੀਆਂ ਪੌੜੀਆਂ ਵਾਲੇ ਪੁਲ ਰਾਹੀਂ ਸਿਵਲ ਲਾਈਨਜ਼ ਵੱਲ ਜਾਣ ਦਾ ਯਤਨ ਕਰ ਰਹੇ ਲੋਕਾਂ ਅਤੇ ਪੁਲਸ ਵਿਚ ਟਕਰਾ ਹੋ ਗਿਆ, ਜਿਸ ਵਿਚ ਪੁਲਸ ਦੁਆਰਾ ਚਲਾਈ ਗੋਲੀ ਨਾਲ ਕੁਝ ਜਾਨਾਂ ਚਲੀਆਂ ਗਈਆਂ। ਇਸ ਤੋਂ ਗੁੱਸਾਏ ਲੋਕਾਂ ਨੂੰ ਹਰ ਯੂਰਪੀਨ ਅਤੇ ਹਰ ਸਰਕਾਰੀ ਅਦਾਰਾ ਦੁਸ਼ਮਣ ਦਿਖਾਈ ਦੇਣ ਲੱਗਾ ਅਤੇ ਹਰ ਕਿਸੇ ਨੇ ਹੱਥ ਵਿਚ ਇੱਟ, ਰੋੜਾ, ਡਾਂਗ, ਸਰੀਆ ਲੈ ਕੇ ਨਿਸ਼ਾਨਾ ਲੱਭਣਾ ਸ਼ੁਰੂ ਕਰ ਦਿੱਤਾ। ਨਤੀਜਨ ਨੈਸ਼ਨਲ ਬੈਂਕ ਆਫ ਇੰਡੀਆ, ਅਲ਼ਾਇੰਸ ਬੈਂਕ ਅਤੇ ਚਾਰਟਰਡ ਬੈਂਕ ਲੁੱਟ ਲਏ, ਬੈਂਕ ਇਮਾਰਤਾਂ, ਟਾਊਨ ਹਾਲ, ਹਿੰਦੁਸਤਾਨੀ ਇਸਾਈ ਗਿਰਜਾ ਘਰ ਅਤੇ ਧਾਰਮਕ ਪੁਸਤਕ ਸੁਸਾਇਟੀ ਡਿਪੋ ਸਾੜ ਦਿੱਤਾ ਗਿਆ। ਰੇਲ ਦਾ ਗਾਰਡ ਮਿਸਟਰ ਰੋਬਿਨਸਨ, ਨੈਸ਼ਨਲ ਬੈਂਕ ਦਾ ਮੈਨੇਜਰ ਅਤੇ ਹੋਰ ਕਈ ਅੰਗਰੇਜ਼ ਕਤਲ ਕਰ ਦਿੱਤੇ, ਕੁਝ ਜਖ਼ਮੀ ਵੀ ਹੋਏ। ਸਰਕਾਰੀ ਬਿਆਨ ਵਿਚ 10 ਅਪ੍ਰੈਲ ਨੂੰ ਮਰਨ ਵਾਲਿਆਂ ਦੀ ਗਿਣਤੀ 12 ਅਤੇ ਜਖ਼ਮੀਆਂ ਦੀ ਗਿਣਤੀ 20 ਤੋਂ 30 ਦੇ ਵਿਚਕਾਰ ਦੱਸੀ ਗਈ ਪਰ ਗੈਰਸਰਕਾਰੀ ਹਲਕਿਆਂ ਦਾ ਕਹਿਣਾ ਸੀ ਕਿ ਮਰਨ ਅਤੇ ਜਖ਼ਮੀ ਹੋਣ ਵਾਲਿਆਂ ਦੀ ਗਿਣਤੀ ਇਸ ਤੋਂ ਵਧੇਰੇ ਸੀ। ਹਾਲਤ ਕਾਬੂ ਤੋਂ ਬਾਹਰ ਹੋਏ ਦੇਖ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਲੈਫਟੀਨੈਂਟ ਗਵਰਨਰ ਨੂੰ ਫੌਜ ਭੇਜਣ ਦੀ ਬੇਨਤੀ ਕੀਤੀ। ਲੈਫਟੀਨੈਂਟ ਗਵਰਨਰ ਵੱਲੋਂ ਹੁਕਮ ਮਿਲਣ ਉੱਤੇ ਮੇਜਰ ਮੈਕਡੋਨਲਡ ਆਪਣੀ ਕੁਮਕ ਸਮੇਤ ਉਸ ਹੀ ਸ਼ਾਮ ਅਤੇ ਜਲੰਧਰ ਛਾਉਣੀ ਵਿਚ ਤੈਨਾਤ ਟ੍ਰੇਨਿੰਗ ਬ੍ਰੀਗੇਡ ਦੇ ਕਮਾਂਡਰ ਰੈਜ਼ੀਨਾਲਡ ਐਡਵਰਡ ਹੈਰੀ ਡਾਇਰ 11 ਅਪ੍ਰੈਲ ਰਾਤ ਨੂੰ ਅੰਮ੍ਰਿਤਸਰ ਪਹੁੰਚ ਗਿਆ।

**ਡਾਇਰ ਦੁਆਰਾ ਅੰਮ੍ਰਿਤਸਰ ਵਿਚ ਸ਼ਕਤੀ ਪ੍ਰਦਰਸ਼ਨ**

ਅੰਮ੍ਰਿਤਸਰ ਪਹੁੰਚਣ ਸਾਰ ਡਾਇਰ ਨੇ ਸਥਾਨਕ ਪ੍ਰਸ਼ਾਸਨ ਤੋਂ ਸਥਿਤੀ ਦੀ ਜਾਣਕਾਰੀ ਲਈ ਅਤੇ 12 ਅਪ੍ਰੈਲ ਨੂੰ ਸਵੇਰ ਵੇਲੇ ਹੀ ਅੰਮ੍ਰਿਤਸਰ ਸ਼ਹਿਰ ਦੇ ਮਹੱਤਵਪੂਰਨ ਟਿਕਾਣਿਆਂ, ਜਿਨ੍ਹਾਂ ਵਿਚ ਸ਼ਹਿਰ ਅਤੇ ਸਿਵਲ ਲਾਈਨਜ਼ ਨੂੰ ਮਿਲਾਉਣ ਲਈ ਰੇਲ ਪੱਟੜੀ ਉੱਤੇ ਪੁਲ ਅਤੇ ਹੋਰ ਲਾਂਘੇ, ਸ਼ਹਿਰ ਦੇ ਦਰਵਾਜ਼ੇ, ਵਾਟਰ ਵਰਕਸ ਆਦਿ ਸ਼ਾਮਿਲ ਸਨ, ਉੱਤੇ ਫੌਜੀ ਪਹਿਰੇ ਲਾ ਕੇ ਸਰਕਾਰ ਦੀ ਤਾਕਤ ਦਾ ਵਿਖਾਵਾ ਕੀਤਾ। ਉਹ 10 ਵਜੇ ਦੇ ਲਗਭਗ ਸਾਢੇ ਚਾਰ ਸੌ ਫੌਜੀ ਸਿਪਾਹੀਆਂ ਦੀ ਸੁਰੱਖਿਆ ਹੇਠ ਸ਼ਹਿਰ ਵਿਚ ਚੱਕਰ ਲਾਉਣ ਲੱਗਾ। ਐਜੀਟੇਟਰਾਂ ਦੀ ਸੂਚੀ ਉਸ ਦੇ ਕੋਲ ਸੀ, ਜਿਸ ਨੂੰ ਵੇਖਦਿਆਂ ਉਸ ਨੇ ਇਕ ਦਰਜਨ ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ।

**ਜ਼ੁਲਮ ਦੀ ਸਿਖਰ**

13 ਅਪ੍ਰੈਲ ਦੇ ਦਿਨ ਅੰਮ੍ਰਿਤਸਰ ਸ਼ਹਿਰ ਦੇ ਵਸਨੀਕ ਸਵੇਰ ਦੇ ਨਾਸ਼ਤੇ ਤੋਂ ਵਿਹਲੇ ਹੋਏ ਸਨ ਕਿ ਉਨ੍ਹਾਂ ਨੇ ਸ਼ਹਿਰ ਵਿਚ ਹੋ ਰਹੀ ਇਹ ਮੁਨਾਦੀ ਸੁਣੀ, “ਹਰ ਕਿਸੇ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਦੱਸੇ ਗਏ ਅਫਸਰਾਂ ਤੋਂ ਮਨਜ਼ੂਰੀ ਲਏ ਬਿਨਾਂ ਸ਼ਹਿਰ ਦੇ ਕਿਸੇ ਵੀ ਵਸਨੀਕ ਦੇ ਪੈਦਲ, ਆਪਣੀ ਜਾਂ ਕਿਰਾਏ ਦੀ ਸਵਾਰੀ ਰਾਹੀਂ ਸ਼ਹਿਰ ਤੋਂ ਬਾਹਰ ਜਾਣ ਦੀ ਸਖ਼ਤ ਮਨਾਹੀ ਹੈ। ਅੱਠ ਵਜੇ ਸ਼ਾਮ ਤੋਂ ਪਿੱਛੋਂ ਕੋਈ ਵੀ ਸ਼ਖ਼ਸ ਆਪਣੇ ਘਰ ਤੋਂ ਬਾਹਰ ਨਾ ਨਿਕਲੇ। ਸ਼ਹਿਰ ਦੇ ਅੰਦਰ ਜਾਂ ਬਾਹਰ ਕਿਸੇ ਪ੍ਰਕਾਰ ਦੇ ਜਲੂਸ ਕੱਢਣ ਦੀ ਵੀ ਮਨਾਹੀ ਹੈ। ਅਜਿਹਾ ਕੋਈ ਜਲੂਸ ਜਾਂ ਚਾਰ ਵਿਅਕਤੀਆਂ ਤੋਂ ਵੱਧ ਦਾ ਇਕੱਠ ਗੈਰਕਾਨੂੰਨੀ ਸਮਝਿਆ ਜਾਵੇਗਾ ਅਤੇ ਲੋੜ ਅਨੁਸਾਰ ਗੋਲੀ ਚਲਾ ਕੇ ਖਿੰਡਾਇਆ ਜਾਵੇਗਾ।”

ਡਾਇਰ ਦੀ ਏਨੇ ਨਾਲ ਤਸੱਲੀ ਨਹੀਂ ਹੋਈ। ਉਹ

ਜਾਣਦਾ ਸੀ ਕਿ ਇਸ ਪ੍ਰਕਾਰ ਦੀਆਂ ਪਾਬੰਦੀਆਂ ਲਾਉਣ ਬਾਰੇ ਡਿਪਟੀ ਕਮਿਸ਼ਨਰ ਨੇ 11 ਅਪ੍ਰੈਲ ਨੂੰ ਹੁਕਮ ਜਾਰੀ ਕੀਤਾ ਸੀ ਅਤੇ ਕੱਲ੍ਹ ਉਸ ਨੇ ਆਪਣੀ ਅੱਖੀਂ ਵੇਖਿਆ ਸੀ ਕਿ ਲੋਕਾਂ ਨੇ ਡਿਪਟੀ ਕਮਿਸ਼ਨਰ ਦੇ ਹੁਕਮ ਦੀ ਪ੍ਰਵਾਹ ਨਹੀਂ ਸੀ ਕੀਤੀ। ਉਹ ਸ਼ਹਿਰ ਵਾਸੀਆਂ ਨੂੰ ਜਿਤਲਾਉਣਾ ਚਾਹੁੰਦਾ ਸੀ ਕਿ ਕਿਸੇ ਸਰਕਾਰੀ ਅਧਿਕਾਰੀ ਵੱਲੋਂ ਜਾਰੀ ਕੀਤੇ ਹੁਕਮਾਂ ਨੂੰ ਟਿੱਚ ਸਮਝਣ ਦਾ ਸਿੱਟਾ ਦੁੱਖਦਾਈ ਹੁੰਦਾ ਹੈ। ਫਲਸਰੂਪ ਉਸ ਨੇ ਡਿਪਟੀ ਕਮਿਸ਼ਨਰ ਅਤੇ ਪੁਲਸ ਸੁਪਰਡੈਂਟ ਨੂੰ ਨਾਲ ਲਿਆ ਅਤੇ ਸ਼ਹਿਰ ਵਿਚ ਨਿਕਲ ਪਿਆ। ਸਭ ਤੋਂ ਅੱਗੇ ਘੋੜਿਆਂ ਉੱਤੇ ਸਵਾਰ ਕੋਤਵਾਲੀ ਵਿਚ ਤੈਨਾਤ ਪੁਲਸ ਅਧਿਕਾਰੀ ਅਤੇ ਉਸ ਤੋਂ ਪਿੱਛੇ ਖੁੱਲ੍ਹੀ ਜੀਪ ਵਿਚ ਤਹਿਸੀਲਦਾਰ ਦੇ ਨਾਲ ਮੁਨਾਦੀ ਵਾਲਾ ਬੈਠਾ ਸੀ। ਇਸ ਤੋਂ ਪਿੱਛੇ ਅੰਗਰੇਜ਼ ਫੌਜੀ ਸਿਪਾਹੀਆਂ ਦਾ ਦਸਤਾ ਪੈਦਲ ਚੱਲ ਰਿਹਾ ਸੀ ਅਤੇ ਸਭ ਤੋਂ ਪਿੱਛੇ ਸੀ ਮੋਟਰ ਵਿਚ ਸਵਾਰ ਬ੍ਰਿਗੇਡੀਅਰ ਜਨਰਲ ਡਾਇਰ ਅਤੇ ਮਿਸਟਰ ਇਰਵਿੰਗ ਡਿਪਟੀ ਕਮਿਸ਼ਨਰ। ਇਹ ਕਾਫਲਾ ਹਰ ਗਲੀ ਮੁਹੱਲੇ ਦੇ ਸਾਹਮਣੇ ਅਤੇ ਹਰ ਚੌਰਾਹੇ ਵਿਚ ਖੜਦਾ ਅਤੇ ਮੁਨਾਦੀ ਕਰਨ ਵਾਲਾ ਜ਼ੋਰ-ਜ਼ੋਰ ਦੀ ਬੋਲ ਕੇ ਲੋਕਾਂ ਨੂੰ ਐਲਾਨਨਾਮਾ ਸੁਣਾਉਂਦਾ। ਇਸ ਕੰਮ ਵਿਚ ਉਸ ਨੂੰ ਕਈ ਘੰਟੇ ਦਾ ਸਮਾਂ ਲੱਗਿਆ। ਜਦ ਡਾਇਰ ਇਹ ਕਾਰਵਾਈ ਮੁਕੰਮਲ ਕਰ ਕੇ ਰਾਮ ਬਾਗ ਸਥਿਤ ਆਪਣੇ ਹੈਡ ਕੁਆਰਟਰ ਵਿਚ ਪੁੱਜਾ ਤਾਂ ਦੁਪਹਿਰ ਹੋ ਚੁੱਕੀ ਸੀ।

ਜਿਸ ਤਰੀਕੇ ਨਾਲ ਮੁਨਾਦੀ ਕਰਵਾਈ ਗਈ ਉਸ ਨੂੰ ਸ਼ਹਿਰੀਆਂ ਨੇ ਹੱਤਕਪੂਰਨ ਕਾਰਵਾਈ ਮੰਨਿਆ। ਲੀਡਰਾਂ ਨੇ ਲੋਕਾਂ ਦੀ ਨਬਜ਼ ਪਛਾਣਦਿਆਂ ਇਸ ਐਲਾਨਨਾਮੇ ਦਾ ਵਿਰੋਧ ਕਰਨ ਦਾ ਮਨ ਬਣਾ ਕੇ ਸ਼ਾਮ ਦੇ ਸਾਢੇ ਚਾਰ ਵਜੇ ਜ਼ਲ੍ਹਿਆਂ ਵਾਲੇ ਬਾਗ ਵਿਚ ਜਨ ਸਭਾ ਕਰਨ ਦਾ ਫੈਸਲਾ ਕੀਤਾ। ਪਲਾਂ ਵਿਚ ਕੰਨੋਂ ਕੰਨ ਇਸ ਦੀ ਸੂਚਨਾ ਹਰ ਸ਼ਹਿਰ ਵਾਸੀ ਕੋਲ ਪੁੱਜ ਗਈ। ਰਹਿੰਦੀ ਕਸਰ ਗੁਰਾਂਦਿੱਤਾ ਬਾਣੀਆ ਅਤੇ ਬੱਲੋ ਹਲਵਾਈ ਨੇ ਪੂਰੀ ਕਰ ਦਿੱਤੀ, ਜਿਨ੍ਹਾਂ ਨੇ ਨਿਡਰਤਾ ਨਾਲ ਪੀਪਾ ਖੜਕਾਉਂਦਿਆਂ ਇਸ ਬਾਰੇ ਜਵਾਬੀ ਮੁਨਾਦੀ ਕੀਤੀ। ਉਹ ਇਹ ਵੀ ਕਹਿੰਦੇ ਰਹੇ ਕਿ ਜਲਸੇ ਦੀ ਪ੍ਰਧਾਨਗੀ ਲਾਲਾ ਘਨਈਆ ਲਾਲ ਕਰੇਗਾ ਅਤੇ ਇਸ ਮੌਕੇ ਗ੍ਰਿਫਤਾਰ ਕੀਤੇ ਆਗੂਆਂ ਡਾਕਟਰ ਕਿਚਲੂ ਅਤੇ ਡਾਕਟਰ ਸੱਤਿਆਪਾਲ ਦੇ ਸੰਦੇਸ਼ ਪੜ੍ਹ ਕੇ ਸੁਣਾਏ ਜਾਣਗੇ।

**ਜ਼ਲ੍ਹਿਆਂ ਵਾਲੇ ਬਾਗ ਵਿਚ ਜਲਸੇ ਉੱਤੇ ਗੋਲੀਬਾਰੀ**

ਸ਼ਾਮ ਸਮੇਂ ਜਲਿਆਂ ਵਾਲੇ ਬਾਗ ਵਿਚ ਚੋਖਾ ਇਕੱਠ ਹੋ ਗਿਆ, ਪਰ ਇਹ ਸਾਰੇ ਲੋਕ ਡਾਇਰ ਵੱਲੋਂ ਲਾਈਆਂ ਬੰਦਿਸ਼ਾਂ ਦੀ ਉਲੰਘਣਾ ਕਰਨ ਦੀ ਮਨਸ਼ਾ ਨਾਲ ਆਉਣ ਵਾਲੇ ਨਹੀਂ ਸਨ। ਇਨ੍ਹਾਂ ਵਿਚ ਬਹੁਤੇ ਜਣੇ ਹਰ ਸਾਲ ਵਿਸਾਖੀ ਦੇ ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ ਨਤ ਮਸਤਕ ਹੋਣ ਲਈ ਆਉਣ ਵਾਲੇ ਸਨ। ਇਸ ਤੋਂ ਬਿਨਾਂ ਇਨ੍ਹੀਂ ਹੀ ਦਿਨੀਂ ਅੰਮ੍ਰਿਤਸਰ ਵਿਚ ਲੱਗਦੀ ਸਾਲਾਨਾ ਪਸ਼ੂ ਮੰਡੀ ਵਿਚੋਂ ਮਾਲ ਖਰੀਦਣ ਅਤੇ ਮਾਲ ਵੇਚਣ ਵਾਲੇ ਲੋਕ ਵੀ ਸਨ ਜੋ ਆਪਣੀ ਵਿਹਲ ਅਨੁਸਾਰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਪਿੱਛੋਂ ਵਕਤ ਗੁਜ਼ਾਰਨ ਵਾਸਤੇ ਜ਼ਲ੍ਹਿਆਂ ਵਾਲੇ ਬਾਗ ਵਿਚ ਆ ਗਏ ਸਨ। ਇਹ ਨਾ ਤਾਂ ਕਿਸੇ ਸਿਆਸੀ ਇਕੱਠ ਵਿਚ ਭਾਗ ਲੈਣ ਦੀ ਮਨਸ਼ਾ ਨਾਲ ਜ਼ਲ੍ਹਿਆਂ ਵਾਲੇ ਬਾਗ ਵਿਚ ਆਏ ਸਨ ਅਤੇ ਨਾ ਉਨ੍ਹਾਂ ਨੂੰ ਬ੍ਰਿਗੇਡੀਅਰ ਜਨਰਲ ਵੱਲੋਂ ਠੋਸੀਆਂ ਬੰਦਿਸ਼ਾਂ ਬਾਰੇ ਜਾਣਕਾਰੀ ਸੀ।

ਜਿਉਂ ਹੀ ਸ਼ਹਿਰ ਵਾਸੀਆਂ ਵੱਲੋਂ ਸ਼ਾਮ ਵੇਲੇ ਕੀਤੀ ਜਾਣ ਵਾਲੀ ਸਭਾ ਦੀ ਜਾਣਕਾਰੀ ਬ੍ਰਿਗੇਡੀਅਰ ਜਨਰਲ ਡਾਇਰ ਨੂੰ ਮਿਲੀ, ਉਹ ਗੁੱਸੇ ਵਿਚ ਸੜ ਬਲ ਗਿਆ। 11 ਅਪ੍ਰੈਲ ਦੀ ਰਾਤ ਸਮੇਂ ਜਦੋਂ ਤੋਂ ਉਹ ਅੰਮ੍ਰਿਤਸਰ ਪੁੱਜਾ ਸੀ ਡਿਪਟੀ ਕਮਿਸ਼ਨਰ ਮਿਸਟਰ ਇਰਵਿੰਗ ਉਸ ਨੂੰ ਇਹ ਹੀ ਕਹਿ ਰਿਹਾ ਸੀ ਕਿ ਸ਼ਹਿਰ ਬਾਗੀ ਹੋ ਗਿਆ ਹੈ। ਡਿਪਟੀ ਕਮਿਸ਼ਨਰ ਵੱਲੋਂ ਆਇਦ ਪਾਬੰਦੀਆਂ ਦੇ ਬਾਵਜੂਦ ਲੋਕਾਂ ਦੀ ਨਕਲੋ ਹਰਕਤ ਨੂੰ ਵੇਖ ਕੇ ਉਸ ਨੂੰ ਪਹਿਲਾਂ ਹੀ ਡਿਪਟੀ ਕਮਿਸ਼ਨਰ ਦੇ ਕਥਨ ਬਾਰੇ ਕੋਈ ਸ਼ੱਕ ਨਹੀਂ ਸੀ ਪਰ ਆਪਣੇ ਹੁਕਮ ਪ੍ਰਤੀ ਜਨਤਕ ਲਾਪ੍ਰਵਾਹੀ ਨੂੰ ਉਸ ਨੇ ਸਰਕਾਰ ਨੂੰ ਵੰਗਾਰਨ ਦੇ ਨਾਲ ਨਾਲ ਜ਼ਾਤੀ ਹੱਤਕ ਵੀ ਸਮਝਿਆ। ਫਲਸਰੂਪ ਉਸ ਨੇ ਇਸ ਸਭਾ ਨਾਲ ਨਿਪਟਣ ਬਾਰੇ ਮਨ ਹੀ ਮਨ ਤੁਰਤ ਵਿਉਂਤਬੰਦੀ ਕਰ ਲਈ।

ਇਨ੍ਹੀਂ ਦਿਨੀਂ ਜ਼ਲ੍ਹਿਆਂ ਵਾਲਾ ਬਾਗ ਐਵੇਂ ਨਾਉਂ ਦਾ ਹੀ ਬਾਗ ਸੀ, ਉਂਝ ਨੇੜਲੇ ਮੁਹੱਲਿਆਂ ਦੇ ਲੋਕ ਇਸ ਥਾਂ ਨੂੰ ਕੂੜਾ ਕਰਕੱਟ ਸੁੱਟਣ ਲਈ ਵਰਤਦੇ ਸਨ। ਇਕ ਖੂੰਜੇ, ਜੋ ਮੁਕਾਬਲਤਨ ਸਾਫ ਸੁਥਰਾ ਅਤੇ ਪੱਧਰਾ ਸੀ ਨੂੰ ਬਜ਼ੁਰਗ ਲੋਕ ਸ਼ਾਮ ਸਮੇਂ ਆਰਾਮਗਾਹ ਵਜੋਂ ਵਰਤਦੇ ਸਨ। ਕਈ ਏਕੜਾਂ ਵਿਚ ਫੈਲੀ ਇਹ ਉੱਚੀ ਨੀਵੀਂ ਥਾਂ ਦੇ ਨਾਲ ਘਰਾਂ ਦੀਆਂ ਪਿੱਠਾਂ ਲੱਗਦੀਆਂ ਸਨ। ਕੁਝ ਥਾਂ ਜਿੱਥੇ ਮਕਾਨ ਨਹੀਂ ਸਨ ਬਣੇ ਹੋਏ, ਪੰਜ ਕੁ ਫੁੱਟ ਉੱਚੀ ਵਲਗਣ ਮਾਰੀ ਹੋਈ ਸੀ, ਜਿਸ ਵਿਚ ਤਿੰਨ ਚਾਰ ਲਾਂਘੇ ਰੱਖੇ ਹੋਏ ਸਨ। ਇਹ ਲਾਂਘੇ ਏਨੇ ਭੀੜੇ ਸਨ ਕਿ ਚੰਗਾ ਮੋਟਾ ਆਦਮੀ ਇਹਨਾਂ ਵਿਚ ਦੀ ਮੁਸ਼ਕਿਲ ਨਾਲ ਹੀ ਲੰਘ ਸਕਦਾ ਸੀ। ਸਭਾ ਦੀ ਕਾਰਵਾਈ ਠੀਕ ਸਮੇਂ ਉੱਤੇ ਸ਼ੁਰੂ ਹੋ ਗਈ। ਪਿੱਪਲ ਦੇ ਰੁੱਖ ਹੇਠ ਬਣਾਈ ਸਟੇਜ ਉੱਤੇ ਡਾਕਟਰ ਕਿਚਲੂ ਦੀ ਰੱਖੀ ਤਸਵੀਰ ਇਸ ਗੱਲ ਦਾ ਸੰਕੇਤ ਸੀ ਕਿ ਸਭਾ ਦੀ ਪ੍ਰਧਾਨਗੀ ਡਾਕਟਰ ਕਿਚਲੂ ਵੱਲੋਂ ਕੀਤੀ ਜਾ ਰਹੀ ਹੈ। ਅਬਦੁੱਲ ਅਜੀਜ਼, ਡਾ. ਗੁਰਬਖਸ਼ ਰਾਇ, ਰਾਮ ਸਿੰਘ

ਆਦਿ ਬੁਲਾਰੇ ਸੰਬੋਧਨ ਕਰ ਚੁੱਕੇ ਸਨ ਅਤੇ ਅਗਲੀ ਵਾਰੀ "ਵਕਤ" ਅਖਬਾਰ ਦੇ ਐਡੀਟਰ ਦੁਰਗਾ ਦਾਸ ਦੀ ਸੀ। ਬ੍ਰਿਗੇਡੀਅਰ ਜਨਰਲ ਡਾਇਰ ਨੇ ਆਪਣੇ ਨਾਲ ਗੋਰਖਾ ਫੌਜ ਦਾ ਦਸਤਾ ਲੈ ਕੇ ਹਾਲ ਦਰਵਾਜ਼ੇ ਰਾਹੀਂ ਸ਼ਹਿਰ ਵਿਚ ਪ੍ਰਵੇਸ਼ ਕੀਤਾ ਅਤੇ ਸੈਨਿਕਾਂ ਸਮੇਤ ਸਵਾ ਪੰਜ ਵਜੇ ਜ਼ਲ੍ਹਿਆਂ ਵਾਲੇ ਬਾਗ ਦੇ ਹਾਲ ਗੇਟ ਵਾਲੇ ਪਾਸੇ ਬਣੇ ਲਾਂਘੇ ਰਾਹੀਂ ਬਾਗ ਅੰਦਰ ਵੜਿਆ। ਅੰਦਰ ਵੜਨ ਸਾਰ ਉਸ ਨੇ ਚੌਫ਼ੇਰੇ ਨਜ਼ਰ ਮਾਰੀ। ਮੈਦਾਨ ਦੇ ਇਕ ਪਾਸੇ ਕੁਝ ਬੁੱਢੇ ਠੇਰੇ ਆਪਣੇ ਤੋਂ ਕੁਝ ਹੀ ਦੂਰ ਹੋ ਰਹੇ ਭਾਸ਼ਣਾਂ ਤੋਂ ਬਿਲਕੁੱਲ ਅਣਭਿੱਜ ਲੱਤਾਂ ਨਿਸਾਲੀ ਆਰਾਮ ਕਰ ਰਹੇ ਸਨ ਅਤੇ ਕੁੱਝ ਹੋਰ ਤਾਸ਼ ਦੀ ਬਾਜ਼ੀ ਲਾਉਣ ਵਿਚ ਮਗਨ ਸਨ। ਦੂਜੇ ਪਾਸੇ ਲੋਕਾਂ ਦਾ ਵੱਡਾ ਹਜੂਮ ਸੀ, ਜਿੱਥੇ ਇਕ ਵਿਅਕਤੀ ਬਾਹਾਂ ਹਿਲਾ ਹਿਲਾ ਕੇ ਬੜਾ ਜੋਸ਼ੀਲਾ ਭਾਸ਼ਨ ਦੇ ਰਿਹਾ ਸੀ। ਬ੍ਰਿਗੇਡੀਅਰ ਜਨਰਲ ਡਾਇਰ ਨੇ ਆਉਂਦਿਆਂ ਸਾਰ ਬਿਨਾਂ ਕਿਸੇ ਦੇਰੀ ਦੇ ਆਪਣੇ ਨਾਲ ਲਿਆਂਦੇ ਫੌਜੀ ਦਸਤਿਆਂ ਵਿਚੋਂ ਗੋਰਖਿਆਂ ਨੂੰ ਖੱਬੇ ਹੱਥ ਅਤੇ ਪਠਾਣਾਂ ਨੂੰ ਸੱਜੇ ਹੱਥ ਢੁਕਵੇਂ ਥਾਂ ਤੈਨਾਤ ਕੀਤਾ ਅਤੇ ਤੁਰਤ ਗੋਲੀ ਚਲਾਉਣ ਦਾ ਹੁਕਮ ਦਿੱਤਾ। ਜਿਉਂ ਹੀ ਗੋਲੀ ਚੱਲਣੀ ਸ਼ੁਰੂ ਹੋਈ ਅਤੇ ਗੋਲੀ ਦੀ ਮਾਰ ਹੇਠ ਆਏ ਆਦਮੀ ਡਿੱਗੇ, ਲੋਕਾਂ ਵਿਚ ਹਫੜਾ ਦਫੜੀ ਮੱਚ ਗਈ। ਬਾਗ ਵਿਚੋਂ ਬਾਹਰ ਨਿਕਲਣ ਦੇ ਇਕ ਰਾਹ ਨੂੰ ਤਾਂ ਫੌਜੀਆਂ ਨੇ ਮੱਲਿਆ ਹੋਇਆ ਸੀ, ਇਸ ਲਈ ਲੋਕ ਦੂਜੇ ਲਾਂਘਿਆਂ ਵੱਲ ਨੂੰ ਭੱਜੇ ਪਰ ਲਗਾਤਾਰ ਹੋ ਰਹੀ ਗੋਲੀਬਾਰੀ ਨੇ ਭੱਜੇ ਜਾਂਦਿਆਂ ਨੂੰ ਲਾਂਘਿਆਂ ਤੱਕ ਨਾ ਪੁੱਜਣ ਦਿੱਤਾ। ਭੀੜ ਭੜੱਕੇ ਕਾਰਨ ਬਹੁਤ ਸਾਰੇ ਲੋਕ ਆਪੋ ਧਾਪੀ ਵਿਚ ਇਕ ਦੂਜੇ ਦੇ ਉੱਪਰ ਡਿੱਗ ਪਏ ਅਤੇ ਇਉਂ ਹੇਠਲੇ ਭਾਰ ਅਤੇ ਸਾਹ ਘੁੱਟੇ ਜਾਣ ਕਾਰਨ ਮਰ ਗਏ। ਕਿੰਨੇ ਲੋਕ ਅੰਨ੍ਹੇਵਾਹ ਭੱਜਦਿਆਂ ਬਾਗ ਵਿਚਲੇ ਖੂਹ ਵਿਚ ਡਿੱਗ ਕੇ ਜਾਨ ਦੇ ਬੈਠੇ। ਦਸ ਮਿੰਟ ਪਿੱਛੋਂ ਜਦ ਗੋਲੀ ਚੱਲਣੀ ਬੰਦ ਹੋਈ ਤਾਂ ਬਾਗ ਦਾ ਚੱਪਾ ਚੱਪਾ ਲੋਥਾਂ ਨਾਲ ਭਰਿਆ ਪਿਆ ਸੀ। ਕਈ ਥਾਵਾਂ ਉੱਤੇ ਤਾਂ ਲੋਥਾਂ ਦੀਆਂ ਢੇਰੀਆਂ ਪਈਆਂ ਸਨ ਅਤੇ ਬਾਗ ਬਿਲਕੁਲ ਖਾਲੀ ਸੀ। ਬ੍ਰਿਗੇਡੀਅਰ ਜਨਰਲ ਡਾਇਰ ਨੇ ਚੌਫੇਰੇ ਤਸੱਲੀ ਭਰੀ ਨਜ਼ਰ ਮਾਰੀ ਅਤੇ ਸੈਨਿਕਾਂ ਨੂੰ ਨਾਲ ਲੈ ਕੇ ਇਉਂ ਵਾਪਸ ਪਰਤ ਗਿਆ ਜਿਵੇਂ ਉੱਥੇ ਕੁੱਝ ਹੋਇਆ ਹੀ ਨਾ ਹੋਵੇ।

**ਕਿੰਨੀਆਂ ਮੌਤਾ ਹੋਈਆਂ?**

ਜ਼ਲ੍ਹਿਆਂ ਵਾਲੇ ਬਾਗ ਵਿਚ ਹੋਏ ਨਿਰਮਮ ਗੋਲੀ ਕਾਂਡ ਵਿਚ ਕਿੰਨੇ ਵਿਅਕਤੀ ਮਾਰੇ ਗਏ? ਇਸ ਬਾਰੇ ਅੰਦਾਜ਼ੇ ਵੱਖਰੇ ਵੱਖਰੇ ਹਨ। ਅਜਿਹਾ ਅੰਦਾਜ਼ਾ ਲਾਉਣ ਵਾਲਾ ਸਭ ਤੋਂ ਪਹਿਲਾ ਵਿਅਕਤੀ ਖੁਦ ਜਨਰਲ ਡਾਇਰ ਸੀ। ਉਸ ਨੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਮਰਨ ਵਾਲਿਆਂ ਦੀ ਗਿਣਤੀ ਦੋ ਤੋਂ ਤਿੰਨ ਸੌ ਦੇ ਵਿਚਕਾਰ ਦੱਸੀ। ਇਸ ਗਿਣਤੀ ਉੱਤੇ ਪੁੱਜਣ ਵਿੱਚ ਉਸ ਨੇ ਫਰਾਂਸ ਦੀ ਲੜਾਈ ਵਿਚਲੇ ਆਪਣੇ ਤਜ਼ਰਬੇ ਨੂੰ ਆਧਾਰ ਬਣਾਇਆ। ਉਸ ਦਾ ਅਨੁਮਾਨ ਸੀ ਕਿ ਛੇ ਗੋਲੀਆਂ ਚਲਾਇਆਂ ਇਕ ਬੰਦਾ ਮਰਦਾ ਹੈ ਅਤੇ ਇਉਂ ਜਲਿਆਂ ਵਾਲੇ ਬਾਗ ਵਿਚ ਚਲਾਏ 1650 ਰੌਂਦਾਂ ਨਾਲ ਮਰਨ ਵਾਲਿਆਂ ਦੀ ਗਿਣਤੀ ਦੋ ਤੋਂ ਤਿੰਨ ਸੌ ਵਿਚਕਾਰ ਅਤੇ ਜਖ਼ਮੀਆਂ ਦੀ ਗਿਣਤੀ ਇਸ ਨਾਲੋਂ ਦੁੱਗਣੀ ਜਾਂ ਤਿੰਨ ਗੁਣਾ ਹੋਵੇਗੀ। ਉਸ ਦੇ ਅਨੁਮਾਨ ਨੂੰ ਆਧਾਰ ਬਣਾ ਕੇ ਪੰਜਾਬ ਸਰਕਾਰ ਨੇ 14 ਅਪ੍ਰੈਲ ਨੂੰ ਭੇਜੀ ਤਾਰ ਰਾਹੀਂ ਹਿੰਦੁਸਤਾਨ ਸਰਕਾਰ ਨੂੰ ਮੌਤਾਂ ਦੀੰ ਗਿਣਤੀ 200 ਦੱਸੀ। ਪਰ ਸੱਤਿਆਗ੍ਰਹਿ ਪੱਖੀ ਲੋਕਾਂ ਦੇ ਅੰਦਾਜ਼ੇ ਅਨੁਸਾਰ ਮੌਤਾਂ ਦੀ ਗਿਣਤੀ ਇਸ ਨਾਲੋਂ ਕਿਤੇ ਵੱਧ ਸੀ। ਉਨ੍ਹਾਂ ਦੇ ਅਨੁਮਾਨ ਦਾ ਆਧਾਰ ਜ਼ਲ੍ਹਿਆਂ ਵਾਲੇ ਬਾਗ ਦੀ ਕਿਲ੍ਹਾ-ਨੁਮਾ ਘੇਰਾਬੰਦੀ, ਉਸ ਵਿਚੋਂ ਹੰਗਾਮੀ ਹਾਲਤ ਵਿਚ ਨਿਕਲਣ ਲਈ ਛੱਡੇ ਨਾ-ਮਾਤਰ ਰਸਤਿਆਂ ਵਿਚੋਂ ਇਕ ਨੂੰ ਮਸ਼ੀਨ ਗੰਨਾਂ ਬੀੜ ਕੇ ਰੋਕਿਆ ਹੋਣਾ, ਅੰਮ੍ਰਿਤਸਰ ਵਿਚ ਵੈਸਾਖੀ ਦਾ ਪਰੰਪਰਾਗਤ ਤਿਉਹਾਰ ਮਨਾਉਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਦਾ ਇਕੱਠ, ਬਿਨਾਂ ਕਿਸੇ ਪੂਰਵਲੀ ਚਿਤਾਵਨੀ ਦੇ ਲੰਮੇ ਸਮੇਂ ਲਈ ਹੋਈ ਗੋਲਾਬਾਰੀ ਆਦਿ ਤੱਥ ਸਨ। ਸਵਾਮੀ ਸ਼ਰਧਾ ਨੰਦ ਨੇ ਅੰਮ੍ਰਿਤਸਰ ਆ ਕੇ ਘਟਨਾ ਸਥਲ ਦਾ ਦੌਰਾ ਕੀਤਾ ਅਤੇ 13 ਅਪ੍ਰੈਲ ਨੂੰ ਜ਼ਲ੍ਹਿਆਂ ਵਾਲੇ ਬਾਗ ਵਿਚ ਮਾਰੇ ਗਏ ਵਿਅਕਤੀਆਂ ਦੀ ਸੰਖਿਆ 1900 ਦੱਸੀ ਪਰ ਪੰਡਤ ਮਦਨ ਮੋਹਨ ਮਾਲਵੀਆ ਦੀ ਸਰਪ੍ਰਸਤੀ ਹੇਠ ਕੰਮ ਕਰ ਰਹੀ 'ਸੇਵਾ ਸੰਮਤੀ' ਨੇ ਖੋਜ ਪੜਤਾਲ ਕਰਨ ਉਪਰੰਤ ਮ੍ਰਿਤਕਾਂ ਅਤੇ ਜ਼ਖਮੀਆਂ ਦੀ ਗਿਣਤੀ ਕ੍ਰਮਵਾਰ 530 ਅਤੇ 200 ਦੱਸੀ। ਪੰਜਾਬ ਸਰਕਾਰ ਵੱਲੋਂ ਤਾਰ ਨੰ:28940 ਮਿਤੀ 30 ਦਸੰਬਰ 1919 ਦੁਆਰਾ ਹਿੰਦੁਸਤਾਨ ਸਰਕਾਰ ਨੂੰ ਭੇਜੀ ਸੂਚਨਾ ਵਿਚ ਇਹ ਗਿਣਤੀ ਕ੍ਰਮਵਾਰ 387 ਅਤੇ 205 ਦੱਸੀ ਗਈ। ਪਿੱਛੋਂ ਪੰਜਾਬ ਸਰਕਾਰ ਨੇ 376 ਮ੍ਰਿਤਕਾਂ, ਜਿਨ੍ਹਾਂ ਵਿਚ 5 ਅਣਪਛਾਤੇ ਸਨ, ਅਤੇ 192 ਜ਼ਖਮੀਆਂ ਦੀ ਸੂਚੀ ਜਾਰੀ ਕੀਤੀ।

ਸਰਕਾਰ ਦੁਆਰਾ ਜ਼ਲ੍ਹਿਆਂ ਵਾਲੇ ਬਾਗ ਵਿਚ ਕੀਤੀ ਇਸ ਬਰਬਰਤਾ ਪੂਰਨ ਕਾਰਵਾਈ ਨੇ ਦੇਸ਼ਵਾਸੀਆਂ ਦੇ ਮਨ ਵਲੂੰਧਰ ਸੁੱਟੇ ਅਤੇ ਉਹ ਅਜਿਹੀ ਜ਼ਾਲਮ ਸਰਕਾਰ ਦੀ ਗੁਲਾਮੀ ਤੋਂ ਛੁਟਕਾਰੇ ਲਈ ਹੋਰ ਵੀ ਦ੍ਰਿੜਤਾ ਅਤੇ ਸਵੈ-ਭਰੋਸੇ ਨਾਲ ਸੁਤੰਤਰਤਾ ਸੰਗਰਾਮ ਵਿਚ ਕੁੱਦ ਪਏ। ਭਵਿੱਖ ਵਿਚ ਜ਼ਲ੍ਹਿਆਂ ਵਾਲੇ ਬਾਗ ਦਾ ਹੱਤਿਆ ਕਾਂਡ ਸੁਤੰਤਰਤਾ ਸੰਗਰਾਮੀਆਂ ਲਈ ਪ੍ਰੇਰਨਾ ਸਰੋਤ ਬਣ ਗਿਆ।

# ਕੁਝ ਇਤਿਹਾਸਕ ਵੈਸਾਖੀਆਂ

- ਨਿਸ਼ਾਨ ਸਿੰਘ ਕਥਾਵਾਚਕ

ਆਨੰਦ, ਖੁਸ਼ਹਾਲੀ ਅਤੇ ਖੂਬਸੂਰਤੀ ਦਾ ਤਿਓਹਾਰ ਵੈਸਾਖੀ ਅੱਜ ਇੱਕ ਅੰਤਰ ਰਾਸ਼ਟਰੀ ਤਿਓਹਾਰ ਬਣ ਚੁੱਕਾ ਹੈ। ਵੈਸਾਖ ਮਹੀਨੇ ਦੀ ਸੰਗ੍ਰਾਂਦ ਦੇ ਇਸ ਦਿਨ ਸੂਰਜ ਦਾ ਮੇਖ਼ ਰਾਸ਼ੀ ਵਿਚ ਪ੍ਰਵੇਸ਼ ਹੁੰਦਾ ਹੈ। ਬਿਕ੍ਰਮੀ ਕੈਲੰਡਰ ਅਨੁਸਾਰ ਇਹ ਸੂਰਜੀ ਵਰ੍ਹੇ ਦਾ ਪਹਿਲਾ ਦਿਨ ਹੈ। ਜਿੱਥੇ ਬਹਾਰ ਦੇ ਆਉਣ ਨਾਲ ਬਿਰਖਾਂ ਤੇ ਨਵੇਂ ਸ਼ਗੂਫੇ ਆਉਂਦੇ ਹਨ, ਉਥੇ ਵੈਸਾਖੀ ਦੀ ਆਮਦ ਬਨਸਪਤੀ ਨੂੰ ਫਲ-ਭਰਪੂਰ ਕਰ ਦਿੰਦੀ ਹੈ। ਅੰਬਾਂ ਦੇ ਫ਼ਲ ਕੋਇਲਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਕੁਹੂ-ਕੁਹੂ ਦੀਆਂ ਮਧੁਰ ਆਵਾਜ਼ਾਂ ਚੌਗਿਰਦੇ ਨੂੰ ਸੰਗੀਤ ਮਈ ਬਣਾ ਦਿੰਦੀਆਂ ਹਨ। ਕਣਕਾਂ ਦੀਆਂ ਪੱਕੀਆਂ ਫ਼ਸਲਾਂ ਧਰਤੀ ਨੂੰ ਸੁਨਹਿਰੀ ਪੁਸ਼ਾਕ ਪਹਿਨੀ ਨਵ-ਜੋਬਨਾ ਵਾਂਗ ਸ਼ੋਭਾਇਮਾਨ ਕਰ ਦਿੰਦੀਆਂ ਹਨ ਅਤੇ ਆਪਣੀ ਖੁਸ਼ੀ ਦਾ ਇਜ਼ਹਾਰ ਭੰਗੜਾ ਪਾ ਕੇ ਕਰਦੇ ਹਨ। ਜਿੱਥੇ ਹਿੰਦੂਆਂ ਵੱਲੋਂ ਇਸ ਦਿਨ ਨੂੰ ਨਵੇਂ ਵਰ੍ਹੇ ਦੀ ਆਮਦ ਅਤੇ ਸਿਖਾਂ ਵੱਲੋਂ ਇਸ ਨੂੰ ਖਾਲਸੇ ਦੇ ਜਨਮ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਉੱਥੇ ਇਸ ਨਾਲ ਹੋਰ ਵੀ ਬਹੁਤ ਸਾਰੀਆਂ ਇਤਿਹਾਸਕ ਯਾਦਾਂ ਜੁੜੀਆਂ ਹੋਈਆਂ ਹਨ।

ਕੁੱਝ ਵਿਸ਼ੇਸ ਵੈਸਾਖੀਆਂ ਦਾ ਜ਼ਿਕਰ ਹੇਠਾਂ ਦਿੱਤਾ ਜਾਂਦਾ ਹੈ-

**1. ਗੰਗਾ ਧਰਤੀ 'ਤੇ ਆਈ-** ਰਾਜੇ ਸਗਰ ਦੇ 60,000 ਪੁੱਤਰਾਂ ਨੂੰ ਕਪਿਲ ਮੁਨੀ ਨੇ ਭਸਮ ਕਰ ਦਿੱਤਾ ਸੀ। ਸੁਹਨਾਂ ਦੇ ਕਲਿਆਣ ਵਾਸਤੇ ਸਗਰ, ਉਸਦੇ ਪੋਤਰੇ ਅੰਸ਼ੁਮਾਨ ਅਤੇ ਪੜੋਤ੍ਰੇ ਦਿਲੀਪ ਨੇ ਭਗਵਾਨ ਬਾਵਨ ਦੇ ਚਰਨਾਂ ਦਾ ਜਲ, ਜੋ ਬ੍ਰਹਮਾ ਜੀ ਨੇ ਆਪਣੇ ਪਾਸ ਸੰਭਾਲ ਕੇ ਰੱਖਿਆ ਹੋਇਆ ਸੀ, ਨੂੰ ਧਰਤੀ ਉੱਪਰ ਲਿਔਣ ਲਈ ਘੋਰ ਤਪ ਦੇ ਬਲ ਸਦਕਾ ਉਸ ਜਲ ਨੂੰ ਧਰਤੀ 'ਤੇ ਲਿਆਂਦਾ, ਜੋ ਗੰਗਾ ਨਦੀ ਦੇ ਰੂਪ ਵਿੱਚ ਪ੍ਰਵਾਹਿਤ ਹੋਇਆ। ਜਿਸ ਦਿਨ ਗੰਗਾ ਧਰਤੀ 'ਤੇ ਪ੍ਰਗਟ ਹੋਈ ਉਹ ਵੈਸਾਖੀ ਦਾ ਦਿਨ ਸੀ। ਇਸੇ ਲਈ ਹਿੰਦੂ ਮਤ ਵਿੱਚ ਇਸ ਪੁਰਬ 'ਤੇ ਗੰਗਾ ਇਸ਼ਨਾਨ ਦਾ ਵਿਸ਼ੇਸ ਮਹਾਤਮ ਮੰਨਿਆ ਜਾਂਦਾ ਹੈ।

**2. ਕਟਾਸ ਰਾਜ ਦੀ ਘਟਨਾ-** ਮਹਾਂਭਾਰਤ ਕਾਲ ਵਿੱਚ ਬਨਵਾਸ ਦੌਰਾਨ ਪਾਂਡਵ ਕਟਾਸਰਾਜ ਪੁੱਜੇ। ਧਰਮ ਪੁੱਤਰ ਯੁਧਿਸ਼ਟਰ ਦੇ ਹੁਕਮ ਅਨੁਸਾਰ ਚਾਰੇ ਭਰਾ ਵਾਰੀ-ਵਾਰੀ ਪਾਣੀ ਦੀ ਭਾਲ ਵਿੱਚ ਨਿਕਲੇ। ਸਭ ਤੋਂ ਪਹਿਲਾਂ ਨਕੁਲ ਗਿਆ। ਉਸਨੇ ਪਾਣੀ ਦਾ ਇੱਕ ਕੁੰਡ ਵੇਖਿਆ। ਪਿਆਸ ਨਾਲ ਵਿਆਕੁਲ ਨਕੁਲ ਜਦ ਪਾਣੀ ਪੀਣ ਲਈ ਅੱਗੇ ਵਧਿਆ ਤਾਂ ਇੱਕ ਯਕਸ਼ ਨੇ ਆਵਾਜ਼ ਦਿੱਤੀ ਕਿ ਇਸ ਕੁੰਡ ਉੱਪਰ ਉਸਦਾ ਕਬਜ਼ਾ ਹੈ, ਪਾਣੀ ਪੀਣ ਤੋਂ ਪਹਿਲਾਂ ਨਕੁਲ ਨੂੰ ਉਸਦੇ ਸੁਆਲਾਂ ਦਾ ਜੁਆਬ ਦੇਣਾ ਪਵੇਗਾ। ਵਰਨਾ ਉਹ ਪਾਣੀ ਨਹੀਂ ਪੀ ਸਕੇਗਾ। ਨਕੁਲ ਯਕਸ਼ ਦੇ ਸੁਆਲਾਂ ਦਾ ਜੁਆਬ ਨਾ ਦੇ ਸਕਿਆ ਪਰ ਪਾਣੀ ਪੀਣ ਲਈ ਅੱਗੇ ਵਧਿਆ ਤਾਂ ਉਹ ਉੱਥੇ ਹੀ ਮੂਰਛਾ ਹੋ ਗਿਆ। ਇਸੇ ਤਰ੍ਹਾਂ ਵਾਰੀ-ਵਾਰੀ ਸਹਿਦੇਵ, ਅਰਜੁਨ ਅਤੇ ਭੀਮ ਵੀ ਮੂਰਛਾ ਹੋ ਗਏ। ਅਖੀਰ ਆਪਣੇ ਭਰਾਵਾਂ ਨੂੰ ਲੱਭਦੇ-2 ਯੁਧਿਸ਼ਟਰ ਵੀ ਉੱਥੇ ਪਹੁੰਚੇ। ਯੁਧਿਸ਼ਟਰ ਨੇ ਯਕਸ਼ ਦੇ ਸੁਆਲਾਂ ਦੇ ਉੱਤਰ ਦੇ ਕੇ ਜਿੱਥੇ ਪਾਣੀ ਦੀ ਪ੍ਰਾਪਤੀ ਕੀਤੀ ਉੱਥੇ ਆਪਣੇ ਭਰਾਵਾਂ ਨੂੰ ਵੀ ਜੀਵਨ ਦਾਨ ਦਿੱਤਾ। ਇਸ ਸਾਖੀ ਦਾ ਸੰਬੰਧ ਵੀ ਵੈਸਾਖੀ ਦੇ ਦਿਨ ਨਾਲ ਹੈ।

**3. ਮਹਾਤਮਾ ਬੁੱਧ ਜੀ** ਨੂੰ ਗਯਾ ਦੇ ਅਸਥਾਨ ਤੇ ਨਿਰਬਾਣ ਪਦ ਦੀ ਪ੍ਰਾਪਤੀ ਵੈਸਾਖੀ ਵਾਲੇ ਦਿਨ ਹੋਈ।

**4. ਵੈਸਾਖੀ 1501 ਈ:-** ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਿਖੇ ਨਿਵਾਸ ਰੱਖ ਰਹੇ ਸਨ। ਇਕ ਦਿਨ ਵੇਈਂ ਨਦੀ 'ਤੇ ਇਸ਼ਨਾਨ ਕਰਨ ਗਏ ਵਾਪਿਸ ਨਾ ਆਏ। ਤੀਜੇ ਦਿਨ ਵੇਈਂ ਨਦੀ ਵਿਚੋਂ ਬਾਹਰ ਆ ਕੇ ਸਭ ਲੋਕਾਈ ਨੂੰ ੴ ਨਾਲ ਜੁੜਨ ਦੀ ਤਾਕੀਦ ਕੀਤੀ ਅਤੇ ਪੈਗਾਮ ਦਿੱਤਾ- **ਨਾ ਕੋ ਹਿੰਦੂ ਨਾ ਮੁਸਲਮਾਨ**।

**5. ਵੈਸਾਖੀ 1505 ਈ:-** ਸ੍ਰੀ ਗੁਰੂ ਨਾਨਕ ਦੇਵ ਜੀ ਤੀਰਥ ਅਸਥਾਨਾਂ 'ਤੇ ਹੁੰਦੇ ਹੋਏ ਹਰਿਦੁਆਰ ਪੁੱਜੇ, ਇੱਥੇ ਕੁੰਭ ਦਾ ਭਾਰੀ ਮੇਲਾ ਲੱਗਾ ਹੋਇਆ ਸੀ। ਲੱਖਾਂ ਲੋਕ ਵੈਸਾਖੀ ਦਾ ਇਸ਼ਨਾਨ ਕਰ ਰਹੇ ਸਨ ਅਤੇ ਪੰਡਿਤਾਂ ਦੇ ਕਹਿਣ 'ਤੇ ਆਪਣੇ ਪਿਤਰਾਂ ਦੀ ਪਿਆਸ ਬੁਝਾਉਣ ਲਈ ਚੜ੍ਹਦੇ ਪਾਸੇ ਵੱਲ ਪਾਣੀ ਸੁੱਟ ਰਹੇ ਸਨ। ਸਤਿਗੁਰੂ ਜੀ ਨੇ ਉਹਨਾਂ ਦੇ ਭਰਮ ਨੂੰ ਦੂਰ ਕਰਨ ਲਈ ਲਹਿੰਦੇ (ਪੱਛਮ) ਵੱਲ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਹੈਰਾਨ ਹੋਏ ਲੋਕਾਂ ਨੇ ਜਦ ਇਸ ਦਾ ਕਾਰਣ ਪੁੱਛਿਆ ਤਾਂ ਗੁਰੂ ਜੀ ਨੇ ਉੱਤਰ ਦੇਣ ਦੀ ਬਜਾਏ ਉਹਨਾਂ 'ਤੇ

ਸੁਆਲ ਕੀਤਾ, "ਤੁਸੀਂ ਚੜ੍ਹਦੇ ਵੱਲ ਪਾਣੀ ਕਿਉਂ ਸੁੱਟ ਰਹੇ ਹੋ ?" ਆਪਣੇ ਪਿਤਰਾਂ ਨੂੰ ਤ੍ਰਿਪਤ ਕਰਨ ਲਈ, ਪੰਡਿਤਾਂ ਦਾ ਉੱਤਰ ਸੀ।

ਸਤਿਗੁਰੂ ਜੀ ਬਚਨ ਕੀਤਾ ਕਿ ਉਹ ਤਾਂ ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਸਨ। ਪੰਡਿਤਾਂ ਦੇ ਖਿੱਲ੍ਹੀ ਉਡਾਉਣ 'ਤੇ ਸਤਿਗੁਰੂ ਜੀ ਸਭ ਨੂੰ ਇਹ ਅਹਿਸਾਸ ਕਰਾਇਆ ਕਿ ਜੇ ਉਹਨਾਂ ਦਾ ਸੁੱਟਿਆ ਹੋਇਆ ਪਾਣੀ ਪੰਜਾਬ ਦੀ ਧਰਤੀ ਤੱਕ ਨਹੀਂ ਪਹੁੰਚ ਸਕਦਾ ਤਾਂ ਉਹਨਾਂ (ਪੰਡਿਤਾਂ ਦਾ) ਪਾਣੀ ਪਿਤਰ ਲੋਕ ਤੱਕ ਕਿਵੇਂ ਪਹੁੰਚ ਸਕਦਾ ਹੈ।

**6. ਵੈਸਾਖੀ 1559 ਈ:-** ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਰਵਾ ਰਹੇ ਸਨ। ਖੁਦਾਈ ਕਰਦੇ ਜਦ ਪਾਣੀ ਹਾਂਡੇ ਤੱਕ ਗਏ ਤਾਂ ਅੱਗੇ ਰੋੜਾਂ ਦਾ ਕੜ ਆ ਗਿਆ। ਸ੍ਰੀ ਗੁਰੂ ਜੀ ਨੇ ਪਥਰੀਆ ਗੋਤ ਦੇ ਭਾਈ ਮਾਣਕ ਚੰਦ ਨੂੰ ਹੁਕਮ ਕੀਤ ਕਿ ਉਹ ਹਥੌੜਾ ਲੈ ਕੇ ਉਸ ਕੜ ਨੂੰ ਤੋੜ ਦੇਵੇ। ਸਿਖ ਸਤਿਬਚਨ ਕਹਿ ਕੇ ਬਾਉਲੀ ਵਿੱਚ ਵੜ ਗਿਆ। ਜਿਉਂ ਹੀ ਉਹਨੇ ਹਥੌੜੇ ਦੀ ਸੱਟ ਨਾਲ ਕੜ ਤੋੜਿਆ, ਪਾਣੀ ਉਛਾਲਾ ਮਾਰ ਕੇ ਉੱਪਰ ਆ ਗਿਆ ਅਤੇ ਮਾਣਕ ਚੰਦ ਪਾਣੀ ਵਿੱਚ ਡੁੱਬ ਗਿਆ। ਸਿੱਖਾਂ ਦੇ ਅਰਜ਼ ਕਰਨ ਤੇ ਸਤਿਗੁਰੂ ਜੀ ਫ਼ੁਰਮਾਇਆ, "ਮਾਣਕ ਕਦੇ ਨਹੀਂ ਡੁੱਬਦੇ, ਡੁੱਬਦੇ ਤਾਂ ਪੱਥਰ ਹਨ।" ਜਦੋਂ ਮਾਣਕ ਚੰਦ ਜੀ ਦਾ ਸਰੀਰ ਗੁਰੂ ਜੀ ਪਾਸ ਲਿਆਂਦਾ ਗਿਆ ਤਾਂ ਗੁਰੂ ਜੀ ਨੇ ਆਪਣਾ ਸੱਜਾ ਚਰਨ ਉਸਦੇ ਸੀਸ ਨੂੰ ਛੁਹਾਇਆ। ਭਾਈ ਮਾਣਕ ਚੰਦ ਤਤਛਿਨ ਜ਼ਿੰਦਾ ਹੋ ਗਿਆ।

**7. ਵੈਸਾਖੀ 1567 ਈ:-** ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਜ਼ਲਕਾ ਪਰਮਹੰਸ ਦੇ ਅਰਜ਼ ਕਰਨ 'ਤੇ ਗੋਇੰਦਵਾਲ ਸਾਹਿਬ ਵਿਖੇ ਵੈਸਾਖੀ ਦਾ ਮੇਲਾ ਪ੍ਰਾਰੰਭ ਕੀਤਾ। ਇਹ ਸਿੱਖ ਪੰਥ ਦਾ ਕਿਸੇ ਵਿਸ਼ੇਸ਼ ਦਿਨ 'ਤੇ ਕੀਤਾ ਜਾਣ ਵਾਲਾ ਪਹਿਲਾ ਜੋੜ ਮੇਲਾ ਹੈ।

**8. ਵੈਸਾਖੀ 1576 ਈ:-** ਸ੍ਰੀ ਅੰਮ੍ਰਿਤਸਰ ਵਿਖੇ ਸਥਿਤ ਦੁੱਖ ਭੰਜਨੀ ਬੇਰੀ ਵਾਲੇ ਸਥਾਨ 'ਤੇ ਇਸ਼ਨਾਨ ਕਰਕੇ ਬੀਬੀ ਰਜਨੀ ਦੇ ਕੋਹੜੇ ਪਿੰਗਲੇ ਪਤੀ ਦੀ ਕਾਇਆ ਤੰਦਰੁਸਤ ਹੋਈ। ਯਾਦ ਰਹੇ ਕਿ ਇਹ ਵਕਤ ਸ੍ਰੀ ਗੁਰੂ ਰਾਮਦਾਸ ਜੀ ਦਾ ਸੀ ਅਤੇ ਹਾਲੇ ਅੰਮ੍ਰਿਤ ਸਰੋਵਰ ਦੀ ਉਸਾਰੀ ਨਹੀਂ ਸੀ ਹੋਈ।

**9. ਵੈਸਾਖੀ 1664 ਈ:-** ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਪੰਜ ਭੂਤਕ ਦੇਹ ਦਾ ਤਿਆਗ ਕਰਨ ਸਮੇਂ 'ਬਾਬਾ ਬਕਾਲੇ' ਦਾ ਫ਼ੁਰਮਾਨ ਕਰਕੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਵੱਲ ਇਸ਼ਾਰਾ ਕੀਤਾ ਸੀ।

**10. ਵੈਸਾਖੀ 1682 ਈ:-** ਫਾਰਸੀ ਜ਼ੁਬਾਨ ਦੇ ਮਹਾਨ ਵਿਦਾਵਨ ਭਾਈ ਸਾਹਿਬ ਨੰਦ ਲਾਲਾ ਜੀ ਗੋਯਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਦਸਮੇਸ਼ ਪਾਤਸ਼ਾਹ ਜੀ ਦੀ ਸ਼ਰਣ ਵਿੱਚ ਆਏ।

**11. ਵੈਸਾਖੀ 1699 ਈ:-** ਸ਼ਾਹਿ-ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਸਾਹਿਬ ਦੇ ਪਾਵਨ ਅਸਥਾਨ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ। ਜਿਨ੍ਹਾਂ ਗੁਰਮੁਖਾਂ ਨੇ ਆਪਣੇ ਸਿਰ ਦੇ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਉਹਨਾਂ ਨੂੰ ਸਤਿਗੁਰੂ ਜੀ ਨੇ ਪੰਜ ਪਿਆਰੇ ਕਹਿ ਕੇ ਸਤਿਕਾਰਿਆ।

1) ਪਿਆਰੇ ਭਾਈ ਦਇਆ ਸਿੰਘ ਜੀ
2) ਪਿਆਰੇ ਭਾਈ ਧਰਮ ਸਿੰਘ ਜੀ
3) ਪਿਆਰੇ ਭਾਈ ਮੋਹਕਮ ਸਿੰਘ ਜੀ
4) ਪਿਆਰੇ ਭਾਈ ਹਿੰਮਤ ਸਿੰਘ ਜੀ
5) ਪਿਆਰੇ ਭਾਈ ਸਾਹਿਬ ਸਿੰਘ ਜੀ

**12. ਵੈਸਾਖੀ 1721 ਈ:-** ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੇ ਬੰਦਈ ਖਾਲਸਾ ਅਤੇ ਤੱਤ ਖਾਲਸਾ ਵਿੱਚ ਪਏ ਝਗੜੇ ਨੂੰ ਦੂਰ ਕਰਨ ਵਾਸਤੇ ਅੰਮ੍ਰਿਤਸਰ ਸਰੋਵਰ ਵਿੱਚ ਪਰਚੀਆਂ ਪਾ ਕੇ ਅਸਲੀ ਖਾਲਸੇ ਦਾ ਫ਼ੈਸਲਾ ਕੀਤਾ।

**13. ਵੈਸਾਖੀ 1748 ਈ:-** ਨਵਾਬ ਕਪੂਰ ਸਿੰਘ ਜੀ ਸਿੱਖ ਕੌਮ ਦੇ ਮਹਾਨ ਜਰਨੈਲ, ਨੀਤੀਵੇਤਾ ਅਤੇ ਪਰਮ ਤਿਆਗੀ ਯੋਧੇ ਸਨ। ਕੌਮ ਉੱਪਰ ਆਉਣ ਵਾਲੇ ਸੰਭਾਵਿਤ ਖਤਰਿਆਂ ਨੂੰ ਭਾਂਪਦਿਆਂ ਹੋਇਆ ਮਹਿਸੂਸ ਕੀਤਾ ਕਿ ਹੁਣ ਇੱਕ ਮਜ਼ਬੂਤ ਜਥੇਬੰਦੀ ਅਤੇ ਸਮਰਪਿਤ ਲੀਡਰਸ਼ਿਪ ਦੀ ਜ਼ਰੂਰਤ ਹੈ। ਇਸ ਲਈ 29 ਮਾਰਚ ਨੂੰ ਵਿਸਾਖੀ ਵਾਲੇ ਦਿਨ ਆਪ ਨੇ ਸਰਬੱਤ ਖਾਲਸਾ ਬੁਲਾਇਆ ਅਤੇ ਸਿੰਘਾਂ ਦੇ ਛੋਟੇ ਵੱਡੇ 65 ਦੇ ਕਰੀਬ ਜਥਿਆਂ ਨੂੰ ਇਕੱਠੇ ਕਰਕੇ ਸਾਂਝੀ ਜਥੇਬੰਦੀ ਦਲ ਸਥਾਪਿਤ ਕੀਤੀ। ਇਸ ਦੀ ਵਾਗਡੋਰ ਸ੍ਰ. ਜੱਸਾ ਸਿੰਘ ਆਹਲੂਵਾਲੀਏ ਦੇ ਹੱਥਾਂ ਵਿੱਚ ਸੌਂਪੀ ਗਈ। ਸਭ ਸਿੰਘਾਂ ਨੂੰ ਜਥੇਦਾਰ ਦਾ ਹੁਕਮ ਮੰਨਣ ਦੀ ਤਾਕੀਦ ਕੀਤੀ ਗਈ। ਦਲ ਖਾਲਸਾ ਨੂੰ ਅੱਗੋਂ ਗਿਆਰਾਂ ਜਥਿਆਂ ਵਿੱਚ ਵੰਡਿਆ ਗਿਆ ਅਤੇ ਉਹਨਾਂ ਦੀ ਅਗਵਾਈ ਗਿਆਰਾਂ ਮੀਤ ਜਥੇਦਾਰਾਂ ਨੂੰ ਦਿੱਤੀ ਗਈ। ਜਥਿਆਂ ਅਤੇ ਜਥੇਦਾਰਾਂ ਦੇ ਨਾਮ-

1. ਜਥਾ ਫੈਜਲਪੁਰੀਆਂ - ਨਵਾਬ ਕਪੂਰ ਸਿੰਘ
2. ਜਥਾ ਆਹਲੂਵਾਲੀਆ - ਸ੍ਰ. ਜੱਸਾ ਸਿੰਘ ਆਹਲੂਵਾਲੀਆ
3. ਜਥਾ ਸ਼ੁੱਕਰਚੱਕੀਆ - ਬਾਬਾ ਨੌਧ ਸਿੰਘ

4. ਜਥਾ ਭੰਗੀਆਂ - ਹਰੀ ਸਿੰਘ ਭੰਗੀ
5. ਜਥਾ ਨਿਸ਼ਾਨ ਵਾਲੀਆ - ਦਸੌਂਧਾ ਸਿੰਘ
6. ਜਥਾ ਕਨ੍ਹਈਆ - ਜੈ ਸਿੰਘ ਕਾਨ੍ਹਾ
7. ਜਥਾ ਨਕਈਆਂ - ਹੀਰਾ ਸਿੰਘ ਨਕਈ
8. ਜਥਾ ਡੱਲੇਵਾਲੀਆ - ਗੁਲਾਬ ਸਿੰਘ ਡੱਲੇਵਾਲ
9. ਜਥਾ ਸ਼ਹੀਦ - ਬਾਬਾ ਦੀਪ ਸਿੰਘ
10. ਜਥਾ ਕਰੋੜੀਆਂ - ਕਰੋੜਾ ਸਿੰਘ
11. ਜਥਾ ਸਿੰਘਾਣੀਆਂ (ਰਾਮਗੜ੍ਹੀਆ)- ਨੰਦ ਸਿੰਘ ਸਿੰਘਾਣੀਆ

ਇਸ ਸਮੇਂ ਇਹ ਗੁਰਮਤਾ ਵੀ ਕੀਤਾ ਗਿਆ ਕਿ ਪੰਜਾਬ ਸਿੱਖਾਂ ਦਾ ਹੈ। ਪੰਜਾਬ ਉੱਤੇ ਹਮਲਾ ਸਿੱਖਾਂ ਉਪਰ ਹਮਲਾ ਮੰਨਿਆ ਜਾਵੇਗਾ।

**14. ਵੈਸਾਖੀ 1763 ਈ:-** ਅਹਿਮਦ ਸ਼ਾਹ ਅਬਦਾਲੀ ਆਪਣੇ ਛੇਵੇਂ ਹਮਲੇ ਤੋਂ ਬਾਅਦ ਵਾਪਿਸ ਮੁੜ ਗਿਆ ਸੀ ਅਤੇ ਸਿੰਘ ਹੁਣ ਖੁੱਲ੍ਹੇ ਤੌਰ 'ਤੇ ਵਿਚਰਣ ਲੱਗੇ। ਵੈਸਾਖੀ ਉਪਰ ਅੰਮ੍ਰਿਤਸਰ ਵਿਖੇ ਖਾਲਸੇ ਦਾ ਵੱਡ ਇਕੱਠ ਹੋਇਆ। ਇਸ ਇਕੱਠ ਵਿੱਚ ਕਸੂਰ ਦੇ ਇਕ ਬ੍ਰਾਮਹਣ ਨੇ ਆ ਪੁਕਾਰ ਕੀਤੀ ਕਿ ਉਸਦੀ ਸੱਜ ਵਿਆਹੀ ਇਸਤਰੀ ਕਸੂਰ ਦੇ ਹਾਕਮ ਉਸਮਾਨ ਖਾਂ ਨੇ ਧੱਕੇ ਜ਼ੋਰੀ ਘਰ ਪਾ ਲਈ ਹੈ, ਇਸ ਲਈ ਉਸਦੀ ਮਦਦ ਕੀਤੀ ਜਾਵੇ। ਜ. ਹਰੀ ਸਿੰਘ ਭੰਗੀ ਨੇ ਹਾਂ ਕਰ ਦਿੱਤੀ ਕਿ ਖਾਲਸਾ ਮਜ਼ਲੂਮ ਦੀ ਰਾਖੀ ਲਈ ਜ਼ਰੂਰ ਜਾਵੇਗਾ। ਭਾਵੇਂ ਕੁਝ ਸਿੰਘਾਂ ਨੇ ਰੋਕਣ ਦੀ ਕੋਸ਼ਿਸ਼ ਵੀ ਕੀਤੀ ਪਰ ਭੰਗੀ ਜੀ ਦੇ ਦ੍ਰਿੜ ਹੌਂਸਲੇ ਅੱਗੇ ਕਿਸੇ ਦੀ ਕੋਈ ਪੇਸ਼ ਨਾ ਗਈ। ਸੋ ਖਾਲਸੇ ਨੇ ਮਤਾ ਪਾ ਕੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਕਸੂਰ ਤੇ ਹਮਲਾ ਕਰ ਦਿੱਤਾ। ਉਸਮਾਨ ਖਾਂ ਨੂੰ ਦਿਨ ਦੀਵੀਂ ਮਾਰ ਕੇ ਪੰਡਿਤ ਦੀ ਪੰਡਤਾਣੀ ਉਸ ਨੂੰ ਦਿਵਾ ਕੇ ਗੁਰੂ ਦਾ ਲੱਖ ਸ਼ੁਕਰ ਕੀਤਾ।

**15. ਵੈਸਾਖੀ 1857 ਈ:-** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸੇ ਵਿੱਚ ਆ ਚੁੱਕੀਆਂ ਗਿਰਾਵਟਾਂ ਨੂੰ ਵੇਖਦੇ ਹੋਏ ਸ੍ਰੀ ਭੈਣੀ ਸਾਹਿਬ ਵਿਖੇ 12 ਅਪ੍ਰੈਲ ਨੂੰ ਦੁਬਾਰਾ ਅੰਮ੍ਰਿਤ ਛਕਾ ਖਾਲਸੇ ਨੂੰ ਪੁਨਰ ਸੁਰਜੀਤ ਕੀਤਾ ਅਤੇ ਨਾਮ ਰੱਖਿਆ 'ਸੰਤ ਖਾਲਸਾ'। ਸਭ ਤੋਂ ਪਹਿਲਾਂ ਅੰਮ੍ਰਿਤ ਛਕ ਕੇ ਜੋ ਗੁਰਮੁਖ ਪੰਜ ਪਿਆਰੇ ਬਣੇ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ-

1. ਬਾਬਾ ਕਾਨ੍ਹ ਸਿੰਘ ਨਿਹੰਗ
2. ਬਾਬਾ ਸੁੱਧ ਸਿੰਘ ਦੁਰਗਾਪੁਰ
3. ਬਾਬਾ ਆਤਮਾ ਸਿੰਘ ਆਲੋਮੁਹਾਰ
4. ਬਾਬਾ ਲਾਭ ਸਿੰਘ ਰਾਗੀ
5. ਬਾਬਾ ਨੈਣਾ ਸਿੰਘ ਵਰਿਆਂਹ

**16. ਵੈਸਾਖੀ 1861 ਈ:-** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੱਖਾਂ ਸੇਵਕਾਂ ਅਤੇ ਪਰਿਵਾਰ ਸਹਿਤ ਅਰਧ ਕੁੰਭੀ ਦੇ ਮੇਲੇ 'ਤੇ ਹਰਿਦੁਆਰ ਗਏ।

**17. ਵੈਸਾਖੀ 1869 ਈ:-** ਸਤਿਗੁਰੂ ਜੀ ਅੰਮ੍ਰਿਤਸਰ ਗਏ। ਪੁਜਾਰੀਆਂ ਦੀ ਭਾਵਨਾ ਅਤੇ ਵਰਤਾਉ ਵੇਖ ਕੇ ਬਚਨ ਕੀਤਾ, "ਜਿਤਨੇ ਪੁਜਾਰੀ ਹੈਨ, ਸਭ ਔਰੰਗੇ ਕੀ ਫੌਜ ਹੈ। ਸਿੰਘਾਂ ਦੇ ਹੱਥੋਂ ਚੜ੍ਹਨੇ ਕਰਕੇ ਏਨਾ ਕੋ ਸਿੰਘਾਂ ਕੇ ਚੋਲੇ ਮਿਲੇ ਹੈਂ, ਤਦੇ ਕਲਾਮ ਯਾਦ ਔਂਦੀ ਹੈ।"

**18. ਵੈਸਾਖੀ 1875 ਈ:-** ਸੁਆਮੀ ਦਯਾਨੰਦ ਸਰਸਵਤੀ ਨੇ ਆਰੀਆ ਸਮਾਜ ਦੀ ਨੀਂਹ ਰੱਖੀ।

**19. ਵੈਸਾਖੀ 1878 ਈ:-** ਸ੍ਰੀ ਗੁਰੂ ਹਰੀ ਸਿੰਘ ਜੀ ਮੁਕਤਸਰ ਸਾਹਿਬ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਮਰਯਾਦਾ ਅਨੁਸਾਰ ਉੱਥੇ 5 ਅਖੰਡ ਪਾਠ ਕੀਤੇ।

**20. ਵੈਸਾਖੀ 1911 ਈ:-** ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਆਪਣਾ ਮੂੰਹ ਕਾਲਾ ਕਰ ਕੇ ਸੰਤ ਜਿਊਣ ਸਿੰਘ ਸਰਹਾਲੀ ਵਾਲਿਆਂ ਦੀ ਬਖਸ਼ਸ਼ਬੰਦੀ ਕਰਵਾਈ। ਸੰਤ ਜੀਊਣ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਬਾਣੀ ਸਤਿਕਾਰ ਦਾ ਧਿਆਨ ਨਾ ਰੱਖਣ ਕਰਕੇ ਮਾਰਚ ਵਿਚ ਹੋਣ ਵਾਲੇ ਲਾਹੌਰ ਦੇ ਹੋਲੇ ਸਮੇਂ ਤਨਖ਼ਾਹੀਆ ਕਰਾਰ ਦਿੱਤਾ ਸੀ।

**21. ਵੈਸਾਖੀ 1919 ਈ:-** ਜ਼ਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿੱਚ ਰੋਲਟ ਐਕਟ ਖਿਲਾਫ਼ ਰੋਸਕਰ ਰਹੇ ਹਜ਼ਾਰਾਂ ਨਿਹੱਥੇ ਪੰਜਾਬੀਆਂ ਉੱਪਰ ਜ਼ਾਲਿਮ ਅੰਗ੍ਰੇਜ਼ ਅਫ਼ਸਰ ਡਾਇਰ ਨੇ ਮਸ਼ੀਨ ਗੰਨਾਂ ਨਾਲ ਅੰਧਾ ਧੁੰਦ ਗੋਲੀਆਂ ਚਲਾ ਕੇ 1000 ਤੋਂ ਉੱਪਰ ਲੋਕਾਂ ਨੂੰ ਸ਼ਹੀਦ ਕਰ ਦਿੱਤਾ।


**ਸ੍ਰੀ ਭੈਣੀ ਸਾਹਿਬ**
**ਲੁਧਿਆਣਾ**
**ਸੰਪ: 94632-46448**

# ਹੋਲਾ ਮਹੱਲਾ ਮੇਲੇ ਦੀਆਂ ਝਲਕੀਆਂ:

## 21 ਤੋਂ 24 ਮਾਰਚ 2019 ਸ੍ਰੀ ਭੈਣੀ ਸਾਹਿਬ



ਹੋਲੇ ਮਹੱਲੇ ਸਮੇਂ: ਸਮੂਹਿਕ ਅਨੰਦ ਕਾਰਜ।



ਹੰਸਪਾਲ ਜੀ ਤੇ ਵਿਰਕ ਜੀ- ਸਤਿਜੁਗ ਦਾ
ਸਤਿਗੁਰੂ ਹਰੀ ਸਿੰਘ ਅੰਕ ਭੇਟ ਕਰਦੇ ਹੋਏ।



ਹਜ਼ੂਰੀ ਰਾਗੀ ਕੀਰਤਨ ਕਰਦੇ ਹੋਏ।



ਸੰਤ ਬਲਬੀਰ ਸਿੰਘ ਜੀ ਕਥਾ ਕਰਦੇ ਹੋਏ।



ਸਰਬਸ਼ਕਤੀਮਾਨ ਜੀ ਵਰਤਮਾਨ
ਹਿੰਦੁਸਤਾਨ ਭੇਟ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ E-Libray ਦਾ ਸ਼ੁਭ ਆਰੰਭ
ਕਰਦੇ ਹੋਏ- ਹੱਥ ਜੋੜੀ ਸੰਤ ਕਿਰਪਾਲ ਸਿੰਘ ਚਾਨਾ ਯੂ.ਕੁ।



ਅਤਿ ਊਚਾ ਤਾਕਾ ਦਰਬਾਰਾ ਅੰਤ ਨਹੀ ਕਿਛ ਪਾਰਾਵਾਰਾ॥



ਮਾਤਾ ਜੀ ਮੇਲੇ ਦੌਰਾਨ ਸੇਵਾ ਕਰਦੇ ਹੋਏ।



ਗੰਨੇ ਦੇ ਰਸ ਦੀ ਸੇਵਾ-ਸੂਬਾ ਗੁਲਜ਼ਾਰ ਸਿੰਘ ਅਤੇ ਇਲਾਕੇ ਦੀ ਸੰਗਤ।



ਪ੍ਰੋ. ਹਰਪਾਲ ਸਿੰਘ ਪੰਨੂ ਨੂੰ ਸਿਰਪਾਓ ਬਖਸ਼ਿਸ਼।



ਸ੍ਰੀ ਸਤਿਗੁਰੂ ਜੀ ਅਜੀਤ ਸਿੰਘ ਲਾਇਲ ਤੇ ਬਖਸ਼ਿਸ਼ ਕਰਦੇ ਹੋਏ।



ਭਾਂਡਿਆਂ ਦੀ ਸੇਵਾ ਕਰਦੀ ਸਾਧ-ਸੰਗਤ।



ਲੰਗਰ ਦੀ ਸੇਵਾ ਸੰਤ ਸਾਧਾ ਸਿੰਘ ਜੀ ਅਤੇ ਸਾਥੀ।



ਵਰਿੰਦਰ ਸਿੰਘ ਘੁੰਮਣ (ਮਿ.ਏਸ਼ੀਆ) ਨੂੰ ਸਿਰਪਾਓ ਬਖਸ਼ਿਸ਼।



ਸਤਿਜੁਗ ਦਾ ਹੋਲਾ ਅੰਕ ਭੇਟ ਸ੍ਰੀ ਸਤਿਗੁਰੂ ਜੀ ਨੂੰ।



ਹੋਲੇ ਮਹੱਲੇ ਸਮੇ ਪ੍ਰਮੁੱਖ ਵਿਦਵਾਨ: ਪ੍ਰੋ.ਹਰਪਾਲ ਸਿੰਘ ਪੰਨੂ, ਪ੍ਰੋ.ਰਾਮ ਸਿੰਘ,
ਅਜੀਤ ਸਿੰਘ ਲਾਇਲ, ਸੁਵਰਨ ਸਿੰਘ ਵਿਰਕ, ਸੰਤ ਮਹਿੰਦਰ ਸਿੰਘ ਪ੍ਰੀਤ, ਸੰਤ ਗੁਰਬਚਨ ਸਿੰਘ।



ਸ੍ਰੀ ਸਤਿਗੁਰੂ ਜੀ– ਸੰਗਤਾਂ ਵਿੱਚ ਸੁਭਾਇਮਾਨ।



ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਦੇ ਨਾਲ– ਹੋਲੇ ਮਹੱਲੇ ਦੀ ਸੇਵਾ ਕਰਵਾਉਣ ਵਾਲਾ ਪਰਿਵਾਰ:
ਸੂਬਾ ਰੇਸ਼ਮ ਸਿੰਘ ਜੀ, ਬੀਬੀ ਰਾਣੀ, ਰਤਨ ਸਿੰਘ, ਗੁਰਮੁਖ ਸਿੰਘ, ਸ਼ਰਨਜੀਤ ਸਿੰਘ, ਗਣੇਸ਼ ਕੌਰ।

# ਇਤਿਹਾਸ ਦੀ ਪੈੜ ਵਿਚ ਤਖਤ ਸ੍ਰੀ ਦਮਦਮਾ ਸਾਹਿਬ

✍- ਦਵਿੰਦਰ ਸਿੰਘ ਗਿੱਲ ਜੀਆ ਨੱਥਾ

ਤਲਵੰਡੀ ਸਾਬੋ ਦੀ ਧਰਤੀ ਭਾਗਾਂ ਵਾਲੀ ਹੈ ਜਿਥੇ ਸਰਬੰਸ ਦਾਨੀ, ਬਾਦਸ਼ਾਹ ਦਰਵੇਸ਼, ਸੰਤ ਸਿਪਾਹੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਛੋਹ ਬਖ਼ਸ਼ ਕੇ ਮੁੱਢ ਕਦੀਮ ਤੋਂ ਬੇਆਬਾਦ ਧਰਤੀ ਨੂੰ ਹਰੀ ਭਰੀ ਕਰ ਦਿੱਤਾ ਅਤੇ ਉਸਨੂੰ ਸਿੱਖੀ ਦਾ ਕੇਂਦਰ ਬਣਾ ਦਿੱਤਾ ਸੀ। ਉਸ ਤੋਂ ਪਹਿਲਾਂ ਉਸ ਧਰਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ।

**ਤਲਵੰਡੀ ਸਾਬੋ ਦੇ ਇਲਾਕੇ ਦਾ ਇਤਿਹਾਸ ਅਤੇ ਭੂਗੋਲਿਕ ਸਥਿਤੀ**:- ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨ ਕਰਨ ਦੀ ਮੇਰੀ ਚਿਰੋਕਣੀ ਇੱਛਾ ਸੀ ਪਰੰਤੂ ਮੌਕਾ ਨਹੀਂ ਮਿਲ ਰਿਹਾ ਸੀ, ਅਚਾਨਕ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ-ਬਠਿੰਡਾ ਵਲੋਂ 20 ਨਵੰਬਰ 1918 ਈਸਵੀ ਨੂੰ "ਨਾਮਧਾਰੀ ਜਗਤ ਦੀ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਣ" ਵਿਸ਼ੇ ਤੇ ਪੇਪਰ ਪੜ੍ਹਨ ਲਈ ਚਿੱਠੀ ਆਈ। 20 ਨਵੰਬਰ ਨੂੰ ਮੈਂ ਪੇਪਰ ਪੜ੍ਹ ਕੇ ਤਖਤ ਸ੍ਰੀ ਦਮਦਮਾ ਸਾਹਿਬ ਗਿਆ ਅਤੇ ਰਾਤ ਭਾਈ ਮਨੀ ਸਿੰਘ ਨਿਵਾਸ ਵਿਖੇ ਰੈਣ ਬਸੇਰਾ ਕੀਤਾ ਸੀ।

ਪਹਿਲਾਂ ਪਹਿਲ ਤਲਵੰਡੀ ਸਾਬੋ ਇਕ ਛੋਟਾ ਜਿਹਾ ਕਸਬਾ ਸੀ ਜੋ ਹੁਣ ਕਾਫੀ ਵਿਕਸਤ ਹੋ ਚੁੱਕਾ ਹੈ ਅਤੇ ਤਖਤ ਦਮਦਮਾ ਸਾਹਿਬ, ਸਿੱਖ ਪੰਥ ਦੇ ਪੰਜ ਤਖਤਾਂ ਵਿਚ ਸ਼ਾਮਲ ਹੋ ਜਾਣ ਕਾਰਨ ਉਸਨੇ ਕਾਫੀ ਤਰੱਕੀ ਕੀਤੀ ਹੈ ਚੰਗੇ ਵਿਕਸਤ ਹੋਏ ਸ਼ਹਿਰਾਂ ਵਾਂਗ ਇਸ ਸ਼ਹਿਰ ਨੂੰ ਸਭ ਸਹੂਲਤਾਂ ਮਿਲਿਆਂ ਹੋਈਆਂ ਹਨ। ਇਹ ਸ਼ਹਿਰ ਬਠਿੰਡੇ ਤੋਂ 28 ਕਿਲੋਮੀਟਰ ਦੂਰ ਦੱਖਣ ਪੂਰਬ ਵੱਲ ਹੈ। ਇਸ ਦਾ ਅਕਸਾਂਸ਼ 290-59' ਅਤੇ ਰੇਖਾਂਸ਼ ਦੇਸ਼ਾਤਰ 750-5'ਹੈ[1]

ਅਸੀਂ ਜੇਕਰ ਉਥੋਂ ਦੇ ਇਲਾਕੇ ਦੇ ਇਤਿਹਾਸ ਦੀਆਂ ਪਰਤਾਂ ਬਾਰੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਪੁਰਾਣੇ ਸਮਿਆਂ ਵਿਚ ਸਰਸਵਤੀ ਨਦੀ ਥਾਨੇਸ਼ਵਰ ਦੇ ਕੋਲੋਂ ਲੰਘਦੀ ਹੋਈ ਇਸ ਕਸਬੇ ਦੇ ਇਲਾਕੇ ਨੂੰ ਭਰਪੂਰ ਅੰਮ੍ਰਿਤ ਰੂਪੀ ਪਾਣੀ ਨਾਲ ਸਿੰਜਦੀ ਹੋਈ ਅਗੇ ਜਾਂਦੀ ਰਹੀ ਅਤੇ ਇਹ ਇਲਾਕਾ ਹਰਿਆਵਲ ਭਰਪੂਰ ਸੀ। ਫਿਰ ਕਦੇ ਸਤਿਲੁਜ ਦਰਿਆ ਦਾ ਠੰਡਾ ਜਲ ਉਥੋਂ ਦੀ ਧਰਤੀ ਨੂੰ ਜਰਖ਼ੇਜ਼ ਬਣਾ ਰਿਹਾ ਸੀ ਪਰੰਤੂ ਸਮੇਂ ਦੀ ਚਾਲ ਨਾਲ ਉਹ ਦਰਿਆ ਉਥੋਂ ਹਟਦਾ ਹੋਇਆ ਦੂਰ ਚਲਾ ਗਿਆ ਅਤੇ ਫਿਰ ਪਾਣੀ ਦੀ ਘਾਟ ਕਾਰਨ ਉਹ ਇਲਾਕਾ ਬੇਆਬਾਦ ਅਤੇ ਕਿੱਕਰ, ਜੰਡ, ਕਰੀਰ, ਕਾਹੀ ਅਤੇ ਉਡਦੀ ਰੇਤ ਵਾਲਾ ਇਲਾਕਾ ਬਣ ਗਿਆ। ਉਥੋਂ ਦੀ ਖੁਸ਼ਹਾਲੀ ਖਤਮ ਹੋ ਗਈ।

ਆਖਿਆ ਜਾਂਦਾ ਹੈ ਕਿ ਮੁਗਲ ਬਾਦਸ਼ਾਹ ਸ਼ਮਸਉਦੀਨ ਅਲਤਮਸ਼ ਸਮੇਂ ਇਹ ਇਲਾਕਾ ਹਿੰਦੂ ਗੁਜਰਾਂ ਦੇ ਅਧੀਨ ਸੀ ।[2] ਇਥੋਂ ਦੇ 48 ਪਿੰਡਾਂ ਤੇ ਉਹਨਾਂ ਦੀ ਚੌਧਰ ਸੀ। ਹੋਰ ਲੋਕਾਂ ਨੇ ਵੀ ਇਸਲਾਮ ਮੱਤ ਧਾਰਨ ਕਰਕੇ ਚੌਧਰ ਪ੍ਰਾਪਤ ਕੀਤੀ। ਉਥੋਂ ਦੇ ਚੌਧਰੀ ਨੇ ਤਲਵੰਡੀ ਕਸਬੇ ਨੂੰ ਆਪਣੀ ਰਾਜਧਾਨੀ ਬਣਾਇਆ ਸੀ,ਉਹਨਾਂ ਗੁਜਰਾਂ ਦੇ ਚੌਧਰੀ ਦੇ ਪੁੱਤਰ ਨਾ ਹੋਣ ਕਾਰਨ ਉਸਦੀ ਪੁੱਤਰੀ "ਸਾਬੋ", ਚੌਧਰੀ ਦੇ ਦੇਹਾਂਤ ਤੋਂ ਬਾਅਦ ਤਲਵੰਡੀ ਦੀ ਚੌਧਰਾਣੀ ਬਣੀ ਅਤੇ ਉਸ ਇਲਾਕੇ ਦਾ ਨਾਮ ਸਾਬੋ ਕੀ ਤਲਵੰਡੀ ਪ੍ਰਸਿਧ ਹੋਇਆ।

ਕੁਝ ਵਿਦਵਾਨਾਂ ਅਨੁਸਾਰ ਬਰਾੜ ਸਰਦਾਰਾਂ ਦੀ ਬੰਸਾਵਲੀ ਵਿਚੋਂ ਛੇਵੇਂ ਸਥਾਨ ਤੇ ਸਾਬੋ ਨਾਮ ਦਾ ਇਕ ਸਰਦਾਰ ਹੋਇਆ ਸੀ। ਜਿਸਨੇ ਬਰਾੜਾਂ ਦਾ ਕਬਜਾ ਤਲਵੰਡੀ ਤੇ ਕਰਵਾਇਆ ਸੀ। ਉਸਦੇ ਨਾਮ ਪਿੱਛੇ ਕਸਬੇ ਦਾ ਨਾਮ ਸਾਬੋ ਕੀ ਤਲਵੰਡੀ ਪ੍ਰਸਿਧ ਹੋਇਆ ਸੀ।[3] 1526 ਈ: ਵਿਚ ਬਾਬਰ ਬਾਦਸ਼ਾਹ ਦੀ ਸਾਬੋ ਸਰਦਾਰ ਨੇ ਪਾਣੀਪਤ ਦੀ ਜੰਗ ਵਿਚ ਸਹਾਇਤਾ ਕੀਤੀ ਸੀ ਅਤੇ ਇਸ ਪ੍ਰਕਾਰ ਲੱਖੀ ਜੰਗਲ ਬਠਿੰਡਾ ਦੀ ਚੌਧਰ ਸਿੱਧੂ ਬਰਾੜਾਂ ਨੂੰ ਹਾਸਿਲ ਹੋਈ ਸੀ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ ਇਲਾਕੇ ਦੀ ਚੌਧਰ ਸਲੇਮ ਦੇ ਪੁੱਤਰ ਰਾਏ ਡੱਲੇ ਕੋਲ ਸੀ।

5-6 ਦਸੰਬਰ 1705 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ, ਮੁਗਲ ਹਕੂਮਤ ਵਲੋਂ ਕੁਰਾਨ ਦੀ ਕਸਮ ਖਾਣ ਤੋਂ ਬਾਅਦ ਕਿ ਜੇਕਰ 'ਗੁਰੂ ਜੀ ਅਨੰਦਪੁਰ ਸਾਹਿਬ ਦਾ ਕਿਲਾ ਛੱਡ ਜਾਣ ਤਾਂ ਹਕੂਮਤ ਕੁਝ ਨਹੀਂ ਕਹੇਗੀ' ਗੁਰੂ ਜੀ ਨੇ ਸਿੱਖਾਂ ਸਮੇਤ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਸੀ। ਅਜੇ ਗੁਰੂ ਜੀ ਸਿੰਘਾਂ ਸਮੇਤ ਸਰਸਾ ਨਦੀ ਦੇ ਕੰਡੇ ਤੇ ਆਏ

ਸਨ ਕਿ ਮੁਗਲਾਂ ਨੇ ਹਮਲਾ ਕਰ ਦਿੱਤਾ। ਗੁਰੂ ਜੀ ਦੁਸ਼ਮਣਾਂ ਦਾ ਟਾਕਰਾ ਕਰਦੇ ਹੋਏ, ਸਾਰੇ ਪਰਿਵਾਰ ਦਾ ਵਿਛੋੜਾ ਪਾ ਕੇ ਰੋਪੜ ਤੋਂ ਹੁੰਦੇ ਹੋਏ ਚਮਕੌਰ ਪਹੁੰਚੇ ਸਨ ਜਿਥੇ ਵੱਡੇ ਦੋ ਸਾਹਿਬਜਾਦੇ ਚਾਲੀ ਸਿੰਘਾਂ ਸਮੇਤ ਦੁਸ਼ਮਣ ਫੌਜਾਂ ਨਾਲ ਲੜਦੇ ਹੋਏ ਸ਼ਹੀਦ ਹੋਏ ਅਤੇ ਗੁਰੂ ਜੀ ਆਪ ਮਾਛੀਵਾੜੇ ਤੋਂ ਹੁੰਦੇ ਹੋਏ ਕਟਾਣਾ ਸਾਹਿਬ, ਆਲਮਗੀਰ ਹੁੰਦੇ ਹੋਏ ਖਿਦਰਾਣੇ ਦੀ ਢਾਬ ਤੇ ਇਤਿਹਾਸਿਕ ਜੰਗ ਲੜੀ। ਫਿਰ ਦੀਨੇ ਕਾਂਗੜ ਵਿਖੇ ਠਹਿਰ ਕੇ ਇਤਿਹਾਸਿਕ ਪੱਤਰ ਜ਼ਫਰਨਾਮਾ ਬਾਦਸ਼ਾਹ ਔਰੰਗਜ਼ੇਬ ਵਲ ਲਿਖਿਆ ਸੀ, ਉਸ ਤੋਂ ਅੱਗੇ ਗੁਰੂ ਜੀ ਲੱਖੀ ਜੰਗਲ ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਬਠਿੰਡੇ ਤੋਂ ਹੁੰਦੇ ਹੋਏ ਤਲਵੰਡੀ ਸਾਬੋ ਪਹੁੰਚੇ ਸਨ।

**ਗੁਰੂ ਗੋਬਿੰਦ ਸਿੰਘ ਜੀ ਦਾ ਸਾਬੋ ਕੀ ਤਲਵੰਡੀ ਵਿਚ ਆਗਮਨ**:- ਗੁਰੂ ਜੀ 1706 ਈਸਵੀ ਵਿਚ ਬਠਿੰਡੇ ਤੋਂ ਦੱਖਣ ਵੱਲ ਪਿੰਡ ਪੱਕਾ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਉਹਨਾਂ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਧਰਤੀ ਤੇ ਚਰਨ ਪਾਏ ਸਨ ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ 1674 ਈਸਵੀ ਵਿਚ ਉੱਥੇ ਆਏ ਸਨ।[4] " ਨੌਵੇਂ ਗੁਰੂ ਜੀ ਨੇ ਉੱਥੇ ਗੁਰੂ ਨਾਨਕ ਜੀ ਦੀ ਯਾਦ ਵਿਚ ਵਿਸ਼ਾਲ ਸਰੋਵਰ ਦੀ ਕਾਰ ਸੇਵਾ ਕਰਵਾਈ ਸੀ ਅਤੇ ਆਪ ਵੀ ਪੰਜ ਵਾਰੀ ਦੁਸ਼ਾਲੇ ਵਿਚ ਮਿੱਟੀ ਪਾ ਕੇ ਬਾਹਰ ਕੱਢੀ ਸੀ। ਨੌਵੇਂ ਗੁਰੂ ਜੀ ਇਕ ਮਹੀਨਾ ਉਥੇ ਨਿਵਾਸ ਕੀਤਾ ਸੀ ਅਤੇ ਭਵਿਖਬਾਣੀ ਵੀ ਕੀਤੀ ਸੀ, "ਛੇਤੀ ਹੀ ਉਸ ਥਾਂ ਦਾ ਮਾਲਿਕ ਏਥੇ ਆਵੇਗਾ।[5] " ਇਹ ਇਸ਼ਾਰਾ ਗੁਰੂ ਗੋਬਿੰਦ ਸਿੰਘ ਜੀ ਵੱਲ ਸੀ।

ਦਸਮ ਗੁਰੂ ਜੀ ਦੇ ਨਾਲ ਹੁਣ ਤਕ ਮੁਗਲ ਬਾਦਸ਼ਾਹ ਦੇ ਕੁਝ ਸੰਬੰਧਾਂ ਵਿਚ ਸੁਧਾਰ ਹੋ ਗਿਆ ਸੀ। ਭਾਈ ਦਇਆ ਸਿੰਘ ਹੱਥੀਂ ਗੁਰੂ ਜੀ ਵਲੋਂ ਭੇਜੇ ਇਤਿਹਾਸਕ ਪੱਤਰ "ਜ਼ਫਰਨਾਮਾ" ਨੂੰ ਪੜ੍ਹਕੇ ਬਾਦਸ਼ਾਹ ਔਰੰਗਜ਼ੇਬ ਦੀ ਰੂਹ ਕੰਬ ਗਈ ਸੀ। ਪੱਤਰ ਪੜ੍ਹ ਕੇ ਉਸਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਹੋ ਚੁਕਾ ਸੀ। ਉਸਨੇ ਗੁਰੂ ਜੀ ਨੂੰ ਦੱਖਣ ਵਲ ਆਉਣ ਲਈ ਬੇਨਤੀ ਕੀਤੀ ਸੀ। ਸਿੱਖ ਪੰਥ ਦਾ ਦੁਸ਼ਮਨ ਸਰਹੰਦ ਸੂਬੇ ਦਾ ਵਜ਼ੀਰ ਖ਼ਾਨ ਵੀ ਉਸ ਖ਼ਬਰ ਤੋਂ ਜਾਣੂ ਹੋ ਚੁੱਕਾ ਸੀ। ਦੂਜੇ ਸਾਰੇ ਮਾਲਵੇ ਦੇ ਚੌਧਰੀ ਸਿੱਖਾਂ ਨਾਲ ਪ੍ਰੇਮ ਕਰਦੇ ਸਨ, ਗੁਰੂ ਜੀ ਦਾ ਸਤਿਕਾਰ ਕਰਦੇ ਸਨ। ਉਸ ਸਮੇਂ ਰਾਜਨੀਤਿਕ ਹਾਲਤ ਵਿਚ ਆਈ ਤਬਦੀਲੀ ਬਾਰੇ ਗਿਆਨੀ ਈਸ਼ਰ ਸਿੰਘ ਨਾਰਾ ਇਸ ਪ੍ਰਕਾਰ ਲਿਖਦੇ ਹਨ:-[6]

"ਮਸ਼ਹੂਰ ਸਿੱਖ ਸਕਾਲਰ- (ਡਾ. ਗੰਡਾ ਸਿੰਘ ਸਾਹਿਬ) ਵੀ ਆਪਣੀ 'ਸਿੱਖ ਇਤਿਹਾਸ ਬਾਰੇ' ਲਿਖੀ ਪੁਸਤਕ ਦੇ ਸਫਾ 39 ਉਤੇ "ਇਨਾਇਤੁਲਾ ਇਮਾਮੀ-ਅਹਿਕਾਮ (ਹੁਕਮ) ਆਲਮਗਿਰੀ ਦੇ ਪੰਨਾ 429-30 ਦੇ 510 ਦੇ ਹਵਾਲੇ ਨਾਲ ਐਸਾ ਲਿਖਦੇ ਹਨ:- "ਜ਼ਫਰਨਾਮਾ ਪੁੱਜਨ ਪਰ ਬਾਦਸ਼ਾਹ ਨੇ ਵਜ਼ਾਰਤ ਪਨਾਹ ਵਜ਼ੀਰ ਮੁਨਇਮ ਖਾਨ ਨੂੰ ਦਿੱਲੀ ਚਿੱਠੀ ਲਿਖਵਾਈ ਤੇ ਮੁਹੰਮਦ ਬੇਗ ਗੁਰਜ ਬਰਦਾਰ ਤੇ ਸ਼ੇਖ ਯਾਰ ਮੁਹੰਮਦ ਮੁਨਸਬਦਾਰ ਦੇ ਹੱਥ ਉਸਨੂੰ ਭੇਜੀ। ਉਸ ਵਿਚ ਬਾਦਸ਼ਾਹ ਨੇ ਵਜੀਰ ਨੂੰ ਲਿਖਿਆ ਕਿ ਉਹ ਗੁਰੂ ਸਾਹਿਬ ਨੂੰ ਮਨਾਏ। ਉਹਨਾਂ ਨੂੰ ਦਿੱਲੀ ਸੱਦੇ, ਅਤੇ ਸ਼ਾਹੀ ਫੁਰਮਾਨ ਉਹਨਾਂ ਤੱਕ ਪੁਚਾ ਕੇ ਕਿਸੇ ਮੁਨਸਬਦਾਰ ਦੇ ਨਾਲ ਉਹਨਾਂ ਨੂੰ ਬਾਦਸ਼ਾਹ ਤਕ ਭੇਜ ਦੇਵੇ।

ਖਤ ਵਿੱਚ ਇਹ ਵੀ ਲਿਖਿਆ ਸੀ ਕਿ ਜਦ ਗੁਰੂ ਜੀ ਸਰਹੰਦ ਦੇ ਲਾਗੇ ਪੁੱਜਣ ਤਦ 'ਮੁਨਾਇਮ ਖਾਨ' ਕਿਸੇ ਵਾਕਿਫਦਾਰ ਨਾਲ ਉਹਨਾਂ ਨੂੰ ਟੋਰ ਦੇਵੇ, ਤੇ ਆਪਣੇ ਇਲਾਕਿਓਂ ਪਾਰ ਲੰਘਾ ਦੇਵੇ। ਮੁਨਾਇਮ ਖਾਨ ਨੂੰ ਇਹ ਵੀ ਹਿਦਾਇਤ ਦਿੱਤੀ ਸੀ ਕਿ ਉਹ ਗੁਰੂ ਜੀ ਦੀ ਦਿਲਜੋਈ ਕਰੇ। ਤੇ ਸਫ਼ਰ ਖਰਚ ਲਈ ਜਿੰਨੇ ਵੀ ਰੁਪਏ ਉਹਨਾਂ ਨੂੰ ਲੋੜ ਪੈਣ ਉਹਨਾਂ ਦੀ ਖੋਹੀ ਹੋਈ ਜਾਇਦਾਦ ਵਿੱਚੋਂ ਦੇ ਦੇਵੋ। "

ਤਲਵੰਡੀ ਸਾਬੋ ਦੇ ਚੌਧਰੀ ਭਾਈ ਡੱਲਾ ਨੂੰ ਪਤਾ ਲੱਗਾ ਕਿ ਗੁਰੂ ਜੀ ਆਏ ਹਨ ਤਾਂ ਉਹ ਅਗੋਂ ਹੋ ਕੇ ਗੁਰੂ ਜੀ ਨੂੰ ਬੜੇ ਆਦਰ ਤੇ ਸਤਿਕਾਰ ਨਾਲ ਮਿਲਿਆ ਅਤੇ ਆਪਣੇ ਕਿਲ੍ਹੇ ਵਿਚ ਚਰਨ ਪਾਉਣ ਲਈ ਆਖਿਆ। ਗੁਰੂ ਜੀ ਉੱਚੀ ਟੇਕਰੀ ਵਾਲੀ ਜਗ੍ਹਾ ਤੇ ਆਪਣਾ ਡੇਰਾ ਕੀਤਾ ਅਤੇ ਲੰਗਰ ਪਾਣੀ ਦਾ ਪ੍ਰਬੰਧ ਭਾਈ ਡੱਲਾ ਵਲੋਂ ਕੀਤਾ ਗਿਆ। ਗੁਰੂ ਜੀ ਨੇ ਉਸਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਭਾਈ ਡੱਲਾ ਤੋਂ ਭਾਈ ਡੱਲਾ ਸਿੰਘ ਬਣਾ ਦਿੱਤਾ। ਉਥੇ ਆ ਕੇ ਗੁਰੂ ਜੀ ਨੇ ਆਪਣਾ ਜੰਗੀ ਕਮਰਕੱਸਾ ਖੋਲਿਆ ਅਤੇ ਧਰਮ ਪ੍ਰਚਾਰ ਵਲ ਧਿਆਨ ਦਿੱਤਾ।

ਇਹ ਪਹਿਲਾ ਮੌਕਾ ਸੀ ਕਿ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਪਹਿਲੀ ਵਾਰ ਗੁਰੂ ਜੀ ਉਸ ਜਗ੍ਹਾ ਟਿਕ ਕੇ ਧਰਮ ਪ੍ਰਚਾਰ ਕਰਨ ਲੱਗੇ। ਉਥੇ ਗੁਰੂ ਜੀ 9 ਮਹੀਨੇ 9 ਦਿਨ 9 ਪਹਿਰ ਅਤੇ 9 ਪਲ ਟਿਕੇ ਸਨ। ਗੁਰੂ ਜੀ ਦੀ ਤਲਵੰਡੀ ਸਾਬੋ ਵਿਖੇ ਆਮਦ ਸੁਣ ਕੇ ਸਿੱਖ ਵਹੀਰਾਂ ਘਤ ਕੇ ਆਉਣ ਲੱਗੇ ਅਤੇ ਗੁਰੂ ਜੀ ਦੇ ਦਰਸ਼ਨ ਕਰਦੇ ਅਤੇ ਆਪਣਾ ਭਵਿੱਖ ਸੰਵਾਰਨ ਲਈ ਗੁਰੂ ਜੀ ਦੇ ਪ੍ਰਵਚਨ ਸੁਣਦੇ ਸਨ। ਗੁਰੂ ਜੀ ਨੇ ਉਸ ਜਗ੍ਹਾ ਅਨੇਕ ਕੌਤਕ ਕੀਤੇ। ਆਪ ਜੀ ਉਸ ਸਮੁੱਚੇ ਇਲਾਕੇ ਵਿੱਚ ਲਖੀ ਜੰਗਲ ਵਡੇਆਣਾ,ਲਵੇਰੀ ਮਠ, ਕੋਠਾ ਗੁਰੂ, ਭਾਗੂ, ਭਾਗੀ ਬਾਂਦਰ, ਭਗਤਾ ਭਾਈ ਕਾ, ਮਹਿਮਾ

ਸਰਜਾ, ਬੰਗੀਆਂ, ਬੁਰਜਮਾਨਾ, ਬਾਜਕ, ਦਿਆਲਪੁਰ ਭਾਈ ਕਾ, ਟਾਹਲਾ ਸਾਹਿਬ ਆਦਿਕ ਥਾਵਾਂ ਅਤੇ ਹੋਰ ਦੂਰ ਤਕ ਜਾ ਕੇ ਧਰਮ ਪ੍ਰਚਾਰ ਕਰਦੇ ਰਹੇ ਸਨ ਅਤੇ ਲੋਕਾਈ ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਸਿੱਖਾਂ ਨੂੰ ਸਿੰਘ ਸਜਾ ਰਹੇ ਸਨ। ਇਹ ਪਹਿਲਾ ਮੌਕਾ ਸੀ ਕਿ ਅਨੰਦਪੁਰ ਸਾਹਿਬ ਤੋਂ ਬਾਅਦ ਤਖਤ ਦਮਦਮਾ ਸਾਹਿਬ ਤੇ ਸਥਾਨ ਤੇ ਕੜਾਹਿਆਂ ਵਿਚ ਅੰਮ੍ਰਿਤ ਤਿਆਰ ਕੀਤਾ ਗਿਆ ਅਤੇ ਭਾਈ ਰਾਮਾ ਅਤੇ ਭਾਈ ਤਿਲੋਕਾ ਅਤੇ ਭਾਈ ਡੱਲਾ ਤੇ ਹੋਰ ਪ੍ਰਸਿੱਧ ਵਿਅਕਤੀਆਂ ਨੇ ਤਲਵੰਡੀ ਸਾਬੋ ਵਿਖੇ ਅੰਮ੍ਰਿਤ ਛਕਿਆ ਸੀ। ਅੰਗਰੇਜ ਲਿਖਾਰੀ ਟਰੰਪ ਦੇ ਹਵਾਲੇ ਨਾਲ ਡਾ. ਗੋਪਾਲ ਸਿੰਘ ਨੇ ਆਪਣੀ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਦੇ 78 ਅਤੇ ਗਿਆਨੀ ਈਸ਼ਰ ਸਿੰਘ ਨਾਰਾ ਨੇ ਲਿਖਿਆ ਸੀ ਕਿ ਗੁਰੂ ਜੀ ਨੇ ਤਲਵੰਡੀ ਸਾਬੋ ਵਿਖੇ ਇਕ ਲੱਖ ਵੀਹ ਹਜਾਰ ਸਿਖਾਂ ਨੂੰ ਅੰਮ੍ਰਿਤ ਛਕਾਇਆ ਸੀ।[7]

ਤਲਵੰਡੀ ਸਾਬੋ ਦੇ ਸਥਾਨ ਤੇ ਹੀ ਦਿੱਲੀ ਤੋਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਦਸਮ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਆਏ ਸਨ। ਦੀਵਾਨ ਸਜਿਆ ਹੋਇਆ ਸੀ, ਗੁਰੂ ਜੀ ਦੀਵਾਨ ਵਿਚ ਸਜ ਕੇ ਬੈਠੇ ਸਨ ਤਾਂ ਦੋਵਾਂ ਮਾਤਾਵਾਂ ਨੇ ਦੀਵਾਨ ਵਿਚ ਆਕੇ ਦੇਖਿਆ ਕਿ ਚਾਰੇ ਲਾਲ ਅਤੇ ਮਾਤਾ ਗੁਜਰੀ ਜੀ ਤੇ ਅਨੰਦਪੁਰ ਸਾਹਿਬ ਵਾਲੇ ਸਿੱਖ ਨਜ਼ਰ ਨਹੀਂ ਆ ਰਹੇ। ਉਹ ਦੋਵੇਂ ਮਾਤਾਵਾਂ ਗੁਰੂ ਜੀ ਅੱਗੇ ਹੱਥ ਜੋੜ ਕੇ ਪੁੱਛਣ ਲੱਗੀਆਂ, ਸਾਹਿਬਜ਼ਾਦੇ ਕਿੱਥੇ ਹਨ? ਅਗੋਂ ਗੁਰੂ ਜੀ ਨੇ ਸਮੁੱਚੇ ਸਿੱਖਾਂ ਵਲ ਹੱਥ ਕਰਕੇ ਉੱਤਰ ਦਿੱਤਾ ਸੀ, "ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜਾਰ।"

**ਸ੍ਰੀ ਤਖਤ ਦਮਦਮਾ ਸਾਹਿਬ ਦੀ ਸੇਵਾ ਸੰਭਾਲ ਕਰਨੀ:–** 1706 ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦੱਖਣ ਦੇਸ਼ ਵਲ ਤਿਆਰੀ ਕਰਨ ਦੀ ਸੋਚ ਸੋਚੀ, ਉਥੇ ਨੌਂ ਮਹੀਨੇ ਦਾ ਸਮਾਂ ਬੀਤ ਚੁੱਕਾ ਸੀ। ਗੁਰੂ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਹੁਕਮ ਕੀਤਾ ਕਿ ਇਕ ਵਾਰ ਆਪਣੇ ਘਰ ਜਾ ਆਓ, ਫਿਰ ਏਥੇ ਸੇਵਾ ਕਰਨੀ ਹੈ। ਦੌਰਾ ਸਾਖੀ ਪੋਥੀ ਸੰਪਾਦਕ ਡਾਕਟਰ ਭਾਈ ਵੀਰ ਸਿੰਘ ਵਿੱਚ ਇਸ ਪ੍ਰਕਾਰ ਲਿਖਿਆ ਹੈ:–

"ਭਾਈ ਦੀਪ ਸਿੰਘ ਨੂੰ ਹੁਕਮ ਕੀਤਾ ਘਰ ਇਕ ਵਾਰੀ ਜਾ ਆਓ ਫਿਰ ਨਾ ਜਾਵਣਾ,ਈਹਾਂ ਸੇਵ ਕਰਨੀ ਗੁਰੂ ਪਾਸ ਹੀ। ਗੁਰੂ ਕੀ ਕਾਂਸ਼ੀ ਦੀ ਖੁਸ਼ੀ ਹੈ ਤਾਂ ਦੀਪ ਸਿੰਘ ਆਖਿਆ ਸਤਿ ਬਚਨ ਜੀ। ਬਾਹਰੋਂ ਹਜੂਰ ਕਾ ਬਚਨ ਹੋਆ ਭਾਈ ਫਤਹਿ ਸਿੰਘ ਪ੍ਰਤੀ, ਭਾਈ ਤੈ ਈਹੈ ਰਹਿਣਾ ਭਾਈ ਦੀਪ ਸਿੰਘ ਕੇ ਆਵਣੇ ਤੀਕ। ਸੇਵਾ ਕਰਨੀ ਗੁਰੂ ਕੀ ਕਾਸ਼ੀ ਕੀ।"

ਬਾਬਾ ਦੀਪ ਸਿੰਘ ਜੀ 1707 ਤੋਂ 1760 ਤੱਕ ਲਗਭਗ 53 ਸਾਲ ਨਿਰੰਤਰ ਦਮਦਮਾ ਸਾਹਿਬ ਸੇਵਾ ਕਰਦੇ ਰਹੇ। 1760 ਈਸਵੀ ਵਿਚ ਬਾਬਾ ਦੀਪ ਸਿੰਘ ਜੀ ਭਾਈ ਸੁੱਧ ਸਿੰਘ ਨੂੰ ਉਥੋਂ ਦੀ ਸੇਵਾ ਦੇ ਕੇ ਅੰਮ੍ਰਿਤਸਰ ਆਕੇ ਮੁਗ਼ਲ ਫ਼ੌਜਾਂ ਨਾਲ ਲੜਦੇ ਸ਼ਹੀਦੀਆਂ ਪਾ ਗਏ। ਪਿਛੋਂ ਭਾਈ ਸੁਧ ਸਿੰਘ, ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਅੰਮ੍ਰਿਤਸਰ ਵੱਲ ਆ ਗਿਆ ਅਤੇ ਦਮਦਮਾ ਸਾਹਿਬ ਦੀ ਸੇਵਾ ਕਰਮ ਸਿੰਘ ਨੂੰ ਸੌਂਪ ਦਿੱਤੀ। ਉਹਨਾਂ ਨੇ ਕੁਝ ਸਾਲ ਸੇਵਾ ਕੀਤੀ ਪ੍ਰੰਤੂ ਬਾਅਦ ਵਿਚ ਗ੍ਰਹਿਸਥੀ ਹੋ ਗਏ ਅਤੇ ਤਖਤ ਦੀ ਜ਼ੁੰਮੇਵਾਰੀ ਭਾਈ ਨੱਥਾ ਸਿੰਘ ਨੂੰ ਸੌਂਪ ਦਿੱਤੀ। ਭਾਈ ਨੱਥਾ ਸਿੰਘ ਨੇ ਵੀ ਵਿਆਹ ਕਰਵਾ ਲਿਆ ਅਤੇ ਤਖਤ ਸਾਹਿਬ ਦੀ ਜ਼ੁੰਮੇਵਾਰੀ ਭਾਈ ਰਣ ਸਿੰਘ ਨੂੰ ਸੌਂਪ ਦਿੱਤੀ ਭਾਈ ਰਣ ਸਿੰਘ ਤੋਂ ਬਾਅਦ ਭਾਈ ਭਗਵਾਨ ਸਿੰਘ ਫਿਰ ਭਾਈ ਬਘੇਲ ਸਿੰਘ ਸੇਵਾਦਾਰ ਬਣੇ।

ਅੰਗ੍ਰੇਜ਼ ਸਰਕਾਰ ਨੇ ਪੰਜਾਬ ਤੇ ਕਬਜਾ ਕੀਤਾ ਤਾਂ ਸਹਿਜਾਦਾ ਪੁਰੀਏ ਸਰਦਾਰ ਨੇ ਤਖਤ ਦਮਦਮਾ ਸਾਹਿਬ ਵਿਚ ਦਖਲ ਅੰਦਾਜੀ ਕਰਨੀ ਸ਼ੁਰੂ ਕਰ ਦਿੱਤੀ। ਸਰਸਾ ਤੋਂ ਅੰਗਰੇਜ਼ ਹਾਕਮ ਆਇਆ ਅਤੇ ਉਸਨੇ ਤਖਤ ਸਾਹਿਬ ਅਤੇ ਹੋਰ ਅਸਥਾਨਾਂ ਦੀ ਤਲਾਸ਼ੀ ਲਈ ਅਤੇ ਉਥੇ ਸੇਵਾ ਕਰ ਰਹੇ ਸੰਤਾਂ ਮਹੰਤਾਂ ਨੂੰ ਸੇਵਾ ਪਦ ਤੋਂ ਬਰਤਰਫ ਕਰ ਦਿੱਤਾ। ਇਹ ਬੇਨਿਯਮੀਆਂ 1962 ਈਸਵੀ ਤੱਕ ਚੱਲਦੀਆਂ ਰਹੀਆਂ ਅਤੇ ਹੈਰਾਨੀ ਇਸ ਗਲ ਦੀ ਹੈ ਚੌਥਾ ਤਖਤ ਸਾਹਿਬ ਸੁਚੱਜੇ ਪੰਥਕ ਪ੍ਰਬੰਧ ਤੋਂ ਮਹਰੂਮ ਹੀ ਰਿਹਾ। ਸੰਤ ਚੰਨਣ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੇਂ ਤਖਤ ਸਾਹਿਬ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਯਤਨ ਹੋਣ ਲਗੇ। ਇਤਿਹਾਸ ਦੀ ਘੋਖ ਪੜਤਾਲ ਲਈ ਗਿਆਨੀ ਗੁਰਦਿੱਤ ਸਿੰਘ, ਪ੍ਰੋ. ਸਤਬੀਰ ਸਿੰਘ ਕਾਨ੍ਹਪੁਰ ਅਤੇ ਗਿਆਨੀ ਹਰਿਭਗਤ ਸਿੰਘ ਨਾਰੰਗਵਾਲਪੁਰ ਨਿਰਭਰ ਇਕ ਕਮੇਟੀ ਬਣਾਈ। ਫਿਰ ਗਿਆਨੀ ਗੁਰਦਿੱਤ ਸਿੰਘ ਜੀ ਨੇ ਖ਼ੋਜ ਕਰਕੇ ਪੰਜ ਤਖਤ ਸਾਹਿਬਾਨ ਦੇ ਇਤਿਹਾਸ ਬਾਰੇ ਇਕ ਵਿਸਥਾਰ ਸਹਿਤ ਰਿਪੋਰਟ ਤਿਆਰ ਕਰਕੇ ਨਵੰਬਰ 1965 ਦੇ ਗੁਰਦੁਆਰਾ ਗਜ਼ਟ (ਮਾਸਿਕ) ਵਿਚ ਪ੍ਰਕਾਸ਼ਿਤ ਕੀਤੀ ਗਈ ਅਤੇ ਅੰਤ੍ਰਿੰਗ ਕਮੇਟੀ ਦੇ ਮਹਾ ਨੰਬਰ 513 ਮਿਤੀ 3.10. 65 ਨੂੰ ਪਾਸ ਕਰਕੇ ਸਮੁੱਚੇ ਸਿੱਖ ਜਗਤ ਦੀਆਂ ਰਾਵਾਂ ਲੈਣ ਲਈ

ਰਿਪੋਰਟ ਭੇਜੀ ਗਈ। ਇਸ ਪ੍ਰਕਾਰ ਪੁਜਾਰੀਆਂ ਦੇ ਹੱਥੋਂ ਤਖਤ ਸਾਹਿਬ ਦਾ ਪ੍ਰਬੰਧ ਲੈ ਕੇ 1963 ਈਸਵੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਭਾਲ ਲਿਆ ਸੀ। [8]

**ਤਖਤ ਸ੍ਰੀ ਦਮਦਮਾ ਸਾਹਿਬ ਦੀ ਇਤਿਹਾਸਕ ਸੇਵਾ:-**

ਭਾਵੇਂ 1963 ਈਸਵੀ ਤੱਕ ਤਖਤ ਸ੍ਰੀ ਦਮਦਮਾ ਸਾਹਿਬ ਦਾ ਪੁਜਾਰੀਆਂ ਕੋਲ ਪ੍ਰਬੰਧ ਰਿਹਾ ਸੀ ਪਰੰਤੂ ਫਿਰ ਵੀ ਤਖਤ ਸਾਹਿਬ ਉਪਰ ਸਮੁੱਚੇ ਪੰਥ ਅੱਗੇ ਦਰਪੇਸ਼ ਆਏ ਮਸਲੇ ਬਾਰੇ ਅਨੇਕ ਪੰਥਕ ਫੈਸਲੇ ਸਾਹਮਣੇ ਆਏ ਅਤੇ ਬਾਕੀ ਚਾਰ ਤਖਤ ਸਾਹਿਬ ਨਾਲ ਇਥੋਂ ਵੀ ਸੰਮਤੀ ਪ੍ਰਗਟ ਕੀਤੀ ਜਾਂਦੀ ਰਹੀ ਜਿਨ੍ਹਾਂ ਵਿਚੋਂ ਕੁਝ ਕੁ ਵੇਰਵਾ ਇਸ ਪ੍ਰਕਾਰ ਹੈ:- [9]

1. ਸੰਨ 1899 ਈਸਵੀ ਨੂੰ ਤਖਤ ਦਮਦਮਾ ਸਾਹਿਬ ਤੇ ਭਾਈ ਕਾਹਨ ਸਿੰਘ ਜੀ ਨਾਭਾ ਦੇ ਗਰੰਥ 'ਹਮ ਹਿੰਦੂ ਨਹੀਂ' ਨੂੰ ਪ੍ਰਵਾਨ ਕੀਤਾ ਗਿਆ।
2. 1908 ਈਸਵੀ ਵਿਚ ਭਾਈ ਟਹਿਲ ਸਿੰਘ ਲੰਮੇ ਜੱਟ ਪੁਰੇ ਵਾਲਿਆਂ ਦਾ 'ਰਾਗ ਮਾਲਾ ਮੰਡਨ' ਗਰੰਥ ਪ੍ਰਵਾਨ ਹੋਇਆ।
3. ਗਿਆਨੀ ਸਾਹਿਬ ਸਿੰਘ ਜੀ ਧਮਧਾਨ ਵਾਲਿਆਂ ਦੇ ਦੋ ਗਰੰਥ 'ਰਾਗ ਮਾਲਾ ਪ੍ਰਬੋਧ' ਅਤੇ 'ਦਸਮ ਗੁਰ ਗਿਰਾ ਗਰੰਥ ਪ੍ਰਕਾਸ਼' ਸੰਨ 1908 ਵਿਚ ਸੋਧ ਕੇ ਪ੍ਰਵਾਨ ਕੀਤੇ ਗਏ।
4. ਭਾਈ ਅਵਤਾਰ ਸਿੰਘ ਵਹੀਰੀਆ ਦੇ ਸੰਨ 1914 ਈਸਵੀ ਵਿਚ 'ਖਾਲਸਾ ਧਰਮ ਸ਼ਾਸਤਰ' ਅਤੇ ਸੰਨ 1916 ਈ. ਵਿਚ 'ਗੁਰੂ ਦਰਸ਼ਨ ਸ਼ਾਸਤਰ' ਨਾਮ ਦੇ ਲਿੱਖੇ ਗਰੰਥ ਨੂੰ ਪ੍ਰਵਾਨਗੀ ਦਿੱਤੀ ਗਈ।
5. ਗੁਰੂ ਪ੍ਰਤਾਪ ਸੂਰਜ ਗਰੰਥ ਦੀ ਗੁਰਦੁਆਰਿਆਂ ਵਿਚ ਕਥਾ ਕਰਨ ਦਾ ਫੈਸਲਾ ਵੀ ਇਥੇ ਹੀ ਹੋਇਆ ਸੀ।
6. ਇਥੋਂ ਹੀ ਭਾਈ ਮਨੀ ਸਿੰਘ ਸ਼ਹੀਦ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਦੇ ਗਰੰਥੀ ਨਿਯੁਕਤ ਕਰਕੇ ਭੇਜਿਆ ਗਿਆ।
7. ਤਖਤ ਸ੍ਰੀ ਹਜੂਰ ਸਾਹਿਬ ਦੇ ਗਰੰਥੀ ਦੀ ਨਿਯੁਕਤੀ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਹੀ ਕੀਤੀ ਜਾਂਦੀ ਸੀ।
8. ਪੰਚ ਖਾਲਸਾ ਦੀਵਾਨ ਤੇ ਬਾਬੂ ਤੇਜਾ ਸਿੰਘ ਭਸੌੜ ਦੇ ਖਿਲਾਫ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਗੁਮਤਾ ਪਾਸ ਕੀਤਾ ਗਿਆ ਸੀ ਕਿਉਂਕਿ ਬਾਬੂ ਤੇਜਾ ਸਿੰਘ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਬਾਣੀ ਦੀ ਕੱਟ-ਵੱਢ ਕਰਨ ਦੀ ਕੋਸ਼ਿਸ਼ ਕੀਤੀ ਸੀ।

**ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਇਤਿਹਾਸਕ ਅਸਥਾਨ:-**

ਤਲਵੰਡੀ ਸਾਬੋ ਵਿਖੇ ਅਨੇਕ ਗੁਰ ਅਸਥਾਨ ਹਨ ਜੋ ਇਥੋਂ ਦੀ ਇਤਿਹਾਸਕ ਮਹਾਨਤਾ ਅਤੇ ਮਹੱਤਤਾ ਨੂੰ ਦਰਸਾਉਂਦੇ ਹਨ, ਇਹ ਧਰਤੀ ਭਾਗਾਂ ਵਾਲੀ ਹੈ ਜਿਥੇ ਗੁਰੂ ਨਾਨਕ ਪਾਤਸ਼ਾਹ ਜੀ, ਗੁਰੂ ਤੇਗ ਬਹਾਦਰ ਜੀ,ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਦੇਵਾਂ ਜੀ ਅਤੇ ਮਾਤਾ ਸੁੰਦਰੀ ਜੀ ਨੇ ਚਰਨ ਪਾਏ ਸਨ। ਉਥੋਂ ਦੇ ਇਤਿਹਾਸਕ ਸਥਾਨਾਂ ਦੇ ਸੰਖੇਪ ਵੇਰਵੇ ਇਸ ਪ੍ਰਕਾਰ ਹਨ:-

**ਤਖਤ ਸ੍ਰੀ ਦਮਦਮਾ ਸਾਹਿਬ:-**

ਉਸ ਅਸਥਾਨ ਉਪਰ ਉੱਚੀ ਮਿਟੀ ਦੀ ਟੇਕਰੀ ਸੀ, ਗੁਰੂ ਜੀ ਨੇ ਉਥੇ ਬਿਰਾਜ ਕੇ ਕਮਰਕੱਸਾ ਖੋਲਿਆ ਸੀ ਅਤੇ ਪ੍ਰਚਲਿੱਤ ਹੈ ਕਿ ਫਿਰ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾਈ ਸੀ। ਉਥੇ ਗੁਰੂ ਜੀ ਨਾਲ ਸੰਬੰਧਤ ਇਤਿਹਾਸਕ ਵਸਤਾਂ ਇਸ ਪ੍ਰਕਾਰ ਸੁਰੱਖਿਅਤ ਰਖੀਆਂ ਗਈਆਂ ਹਨ:-

1. **ਇਤਿਹਾਸਕ ਬੀੜ:-** ਰਵਾਇਤ ਹੈ ਕਿ ਇਹ ਇਤਿਹਾਸਕ ਬੀੜ ਬਾਬਾ ਦੀਪ ਸਿੰਘ ਜੀ ਵਲੋਂ ਤਿਆਰ ਕੀਤੀ ਗਈ ਸੀ। ਜਿਸਨੂੰ ਵੱਡੇ ਬਾਬਾ ਜੀ ਕਰਕੇ ਜਾਣਿਆ ਜਾਂਦਾ ਹੈ।
2. **ਸ੍ਰੀ ਸਾਹਿਬ**:- ਇਹ ਸ੍ਰੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਜਿਸਨੂੰ ਉਹ ਗਾਤਰੇ ਪਹਿਨ ਕੇ ਰੱਖਿਆ ਕਰਦੇ ਸਨ।
3. **ਬੰਦੂਕ:-** ਇਹ ਬੰਦੂਕ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੀਰ ਸਿੰਘ ਤੇ ਬਾਬਾ ਧੀਰ ਸਿੰਘ ਜੀ ਤੇ ਨਿਸ਼ਾਨੇ ਦੀ ਪਰਖ ਕੀਤੀ ਸੀ।
4. **ਸ਼ੀਸ਼ਾ:-** ਇਹ ਸ਼ੀਸ਼ਾ ਗੁਰੂ ਜੀ ਨੂੰ ਦਿੱਲੀ ਦੀ ਸੰਗਤ ਨੇ ਭੇਟ ਕੀਤਾ ਸੀ। ਗੁਰੂ ਜੀ ਵਲੋਂ ਉਸ ਸ਼ੀਸ਼ੇ ਨੂੰ ਵਰਦਾਨ ਹੈ ਕਿ ਜੇ ਕੋਈ ਲਕਵੇ ਦਾ ਰੋਗੀ ਤਿੰਨ ਦਿਨ ਸ਼ੀਸ਼ੇ ਵਿਚ ਆਪਣਾ ਮੂੰਹ ਦੇਖੇਗਾ ਤਾਂ ਰੋਗੀ ਦਾ ਵਿੰਗਾ ਹੋਇਆ ਮੂੰਹ ਸਿਧਾ ਹੋ ਜਾਂਦਾ ਹੈ।
5. **ਤੇਗਾ ਬਾਬਾ ਦੀਪ ਸਿੰਘ:-** ਇਹ ਤੇਗਾ ਬਾਬਾ ਦੀਪ ਸਿੰਘ ਜੀ ਦਾ ਹੈ। ਜੋ ਤਖਤ ਸਾਹਿਬ ਤੇ ਸੰਭਾਲਿਆ ਹੋਇਆ ਹੈ।
6. **ਮੋਹਰ:-** ਇਹ ਪੁਰਾਤਨ ਮੋਹਰ ਹੈ ਜੋ ਤਖਤ

ਸਾਹਿਬ ਤੋਂ ਨਿਕਲਦੇ ਹੋਏ ਹੁਕਮਨਾਮਿਆਂ ਤੇ ਲਗਾਈ ਜਾਂਦੀ ਸੀ। ਇਹ ਧਾਤ ਦੀ ਬਣੀ ਹੋਈ ਹੈ ਜਿਸ ਉਪਰ ਇਹ ਸ਼ਬਦ ਉਕਰੇ ਹਨ:- "ਅਕਾਲ ਸ਼ਹਾਇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੀ, ਜਗ੍ਹਾ ਸ੍ਰੀ ਦਮਦਮਾ ਸਾਹਿਬ ਜੀ।"

7. **ਤਸਵੀਰ:-** ਪੁਰਾਤਨ ਤਸਵੀਰ ਜਿਸ ਵਿੱਚ ਦਸਮ ਸਤਿਗੁਰੂ ਜੀ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਲਿਖਵਾ ਰਹੇ ਹਨ। ਇਹ ਚਿੱਤਰ ਕਿਸੇ ਪ੍ਰੇਮੀ ਮੁਸੱਵਰ ਤੋਂ ਬਣਾਇਆ ਹੋਇਆ ਹੈ।

8. **ਇਤਿਹਾਸਕ ਕਰੀਰ:-** ਗੁਰਦੁਆਰਾ ਦਮਦਮਾ ਸਾਹਿਬਜ਼ਾਦੇ ਨਾਲ ਦੋ ਕਰੀਰ ਦੇ ਦਰਖ਼ਤ ਹਨ ਉਹਨਾਂ ਨਾਲ ਦਸਮ ਪਾਤਸ਼ਾਹ ਜੀ ਘੋੜਾ ਬੰਨਿਆ ਕਰਦੇ ਸਨ।

**ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ:-** ਇਥੇ ਗੁਰੂ ਤੇਗ ਬਹਾਦਰ ਜੀ ਨੇ ਚਰਨ ਪਾਏ ਸਨ ਜੋ ਤਖਤ ਸਾਹਿਬ ਜੀ ਦੇ ਨੇੜੇ ਹੀ ਹੈ। ਇਥੋਂ ਹੀ ਗੁਰੂ ਜੀ ਨੇ ਟਿੱਬੇ ਵੱਲ ਇਸ਼ਾਰਾ ਕਰਕੇ ਭਵਿੱਖ ਬਾਣੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕੀਤੀ ਸੀ ਕਿ ਉਹ ਉਚੇ ਟਿੱਬੇ ਤੇ ਆਉਣਗੇ।

**ਗੁਰਦੁਆਰਾ ਮੰਜੀ ਸਾਹਿਬ ਪਾ. 9ਵੀਂ ਅਤੇ ਪਾ. 10ਵੀਂ:-** ਇਹ ਸਥਾਨ ਗੁਰੂ ਸਰ ਸਰੋਵਰ ਦੇ ਦੱਖਣ-ਪੱਛਮ ਦੀ ਬਾਹੀ ਵੱਲ ਸਥਿਤ ਹੈ। ਉਥੇ ਗੁਰੂ ਨਾਨਕ ਜੀ ਨੇ ਚਰਨ ਪਾਏ ਸਨ ਅਤੇ ਬੇਰੀ ਦੇ ਹੇਠ ਸਰੋਵਰ ਕੰਢੇ ਨਿਵਾਸ ਕੀਤਾ ਸੀ ਅਤੇ ਗੁਰਬਾਣੀ ਦਾ ਕੀਰਤਨ ਕੀਤਾ ਸੀ। ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵਿੱਚੋਂ ਕਾਰ ਕਢੀ ਸੀ।

**ਗੁਰਦੁਆਰਾ ਜੰਡ ਸਰ ਸਾਹਿਬ:** ਉਸ ਅਸਥਾਨ ਤੇ ਗੁਰੂ ਜੀ ਸਿਖ ਸੰਗਤਾਂ ਨੂੰ ਤਨਖਾਹਾਂ ਵੰਡਿਆ ਕਰਦੇ ਸਨ ਅਤੇ ਸ਼ਾਮ ਨੂੰ ਦੀਵਾਨ ਲਗਾਇਆ ਕਰਦੇ ਸਨ। ਉਥੇ ਪੁਰਾਤਨ ਜੰਡ ਕਾਇਮ ਹੈ ਜਿਸ ਨਾਲ ਗੁਰੂ ਜੀ ਘੋੜਾ ਬੰਨਿਆ ਕਰਦੇ ਸਨ। ਉਸ ਇਮਾਰਤ ਅਤੇ ਸਰੋਵਰ ਦੀ ਸੇਵਾ ਸੰਤ ਜਵਾਲਾ ਸਿੰਘ ਹਰਖੋਵਾਲ ਜੀ ਨੇ ਕਰਵਾਈ ਸੀ।

**ਗੁਰਦੁਆਰਾ ਬਾਬਾ ਬੀਰ ਸਿੰਘ**

**ਬਾਬਾ ਧੀਰ ਸਿੰਘ**-

ਇਹ ਅਸਥਾਨ ਤਖਤ ਸ੍ਰੀ ਦਮਦਮਾ ਸਾਹਿਬ ਦੇ ਨੇੜੇ ਹੈ ਜਿਥੇ ਦਸਮ ਸਤਿਗੁਰੂ ਜੀ ਨੇ ਲਾਹੌਰ ਤੋਂ ਕਿਸੇ ਪ੍ਰੇਮੀ ਸਿਖ ਨੇ ਲਿਆਂਦੀ ਬੰਦੂਕ ਦੇ ਨਿਸ਼ਾਨੇ ਦੀ ਪਰਖ ਤੇ ਭਾਈ ਡੱਲਾ ਸਿੰਘ ਦਾ ਆਪਣੇ ਸੈਨਿਕਾਂ ਲਈ ਕੀਤਾ ਮਾਣ ਨੂੰ ਤੋੜਨ ਲਈ ਦੋਹਾਂ ਗੁਰਮੁਖਾਂ ਨੂੰ ਸੱਦਾ ਦਿੱਤਾ ਸੀ। ਜੋ ਗੁਰੂ ਜੀ ਦੀ ਇਕ ਆਵਾਜ਼ ਤੇ ਦੌੜੇ ਆਏ ਸਨ ਅਤੇ ਇਕ ਦੂਜੇ ਤੋਂ ਅਗੇ ਹੋ ਕੇ ਸ਼ਹੀਦ ਹੋਣ ਲਈ ਕਾਹਲੇ ਪਏ ਸਨ ਪਰੰਤੂ ਸਤਿਗੁਰਾਂ ਨੇ ਨਿਸ਼ਾਨਾਂ ਉਹਨਾਂ ਦੇ ਸਿਰਾਂ ਤੋਂ ਉਪਰ ਚਲਾ ਕੇ ਭਾਈ ਡੱਲੇ ਦਾ ਹੰਕਾਰ ਤੋੜਿਆ ਸੀ।

**ਬਾਬਾ ਦੀਪ ਸਿੰਘ ਜੀ:-** ਇਹ ਗੜ੍ਹੀ ਦੀ ਸ਼ਕਲ ਦਾ ਬੁਰਜ, ਤਖਤ ਸਾਹਿਬ ਦੇ ਨਾਲ, ਅੱਠ ਕੋਨਾ, 70 ਫੁਟ ਉਚਾ ਬਚਿਆ ਹੋਇਆ ਹੈ।

**ਭੋਰਾ ਬਾਬਾ ਦੀਪ ਸਿੰਘ ਜੀ:-** ਤਖਤ ਸਾਹਿਬ ਦੇ ਸਜੇ ਪਾਸੇ ਪਿੰਡ ਵੱਲ ਬਾਬਾ ਦੀਪ ਸਿੰਘ ਜੀ ਦਾ ਆਪ ਬਣਾਇਅ ਭੋਰਾ ਸਾਹਿਬ ਮੌਜੂਦ ਹੈ ਜਿਥੇ ਉਹ ਸਿਮਰਨ ਕਰਿਆ ਕਰਦੇ ਸਨ ਅਤੇ ਉਤੇ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਲਿਖਦੇ ਅਤੇ ਪੋਥੀਆਂ ਤਿਆਰ ਕਰਿਆ ਕਰਦੇ ਸਨ।

**ਬਾਬਾ ਦੀਪ ਸਿੰਘ ਜੀ ਦਾ ਖੂਹ:-** ਤਖਤ ਸਾਹਿਬ ਦੇ ਸਾਹਮਣੇ ਪਾਣੀ ਦੀਕਿਲਤ ਨੂੰ ਦੂਰ ਕਰਨ ਲਈ ਬਾਬਾ ਜੀ ਨੇ ਆਪ ਖੂਹ ਲਗਵਾਇਆ ਸੀ।

**ਅਕਾਲ ਸਰ ਸਰੋਵਰ:-** ਇਹ ਸਰੋਵਰ ਅੱਠ ਕੋਨਾ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਕੇਸੀ ਇਸ਼ਨਾਨ ਕਰਿਆ ਕਰਦੇ ਸਨ। ਬਾਅਦ ਵਿਚ ਇਸਦੀ ਕਾਰ ਸੇਵਾ ਬਾਬਾ ਦੀਪ ਸਿੰਘ ਜੀ ਨੇ ਕਰਵਾਈ ਸੀ।

**ਗੁਰਦੁਆਰਾ ਮਾਤਾ ਸੁੰਦਰੀ ਤੇ ਮਾਤਾ ਸਾਹਿਬ :-** ਇਸ ਅਸਥਾਨ ਤੇ ਦੋਹਾਂ ਮਾਤਾਵਾਂ ਦੀ ਰਿਹਾਇਸ਼ ਸੀ ਅਤੇ ਉਥੇ ਹੀ ਉਹਨਾਂ ਨੇ ਚਾਰੇ ਸਾਹਿਬਜ਼ਾਦਿਆਂ ਬਾਰੇ ਪੁੱਛ ਕੀਤੀ ਸੀ। ਉਸ ਗੁਰਦੁਆਰਾ ਸਾਹਿਬ ਦੀ ਸੇਵਾ ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਨੇ ਕਰਵਾਈ ਸੀ।

**ਭਾਈ ਡੱਲਾ ਸਿੰਘ ਦੀ ਰਿਹਾਇਸ਼:-** ਇਹ ਰਿਹਾਇਸ਼ ਤਖਤ ਦਮਦਮਾ ਸਾਹਿਬ ਤੋਂ ਕੁਝ ਫਾਸਲੇ ਤੇ ਕਿਲ੍ਹੇ ਦੀ ਸ਼ਕਲ ਵਿਚ ਹੈ ਜਿਥੇ ਦਸਮ ਗੁਰੂ ਜੀ ਦੀਆਂ ਇਤਿਹਾਸਕ ਵਸਤਾਂ ਸੁਰੱਖਿਅਤ ਹਨ।

**ਤੇਗਾ:-** ਇਹ ਅਤਿਅੰਤ ਸੁੰਦਰ ਗੁਰੂ ਗੋਬਿੰਦ ਸਿੰਘ ਜੀ ਦਾ ਹੈ। ਜਿਸ ਉਤੇ ਫ਼ਾਰਸੀ ਵਿਚ "ਅੱਲਾ" ਲਿਖਿਆ ਹੈ, ਉਸਦੀ ਲੰਬਾਈ ਡੇਢ ਗਜ਼ ਅਤੇ ਵਜ਼ਨ ਤਿੰਨ ਚਾਰ ਕਿਲੋ ਹੈ। ਮਿਆਨ ਤੇ ਮਖਮਲੀ ਕਪੜਾ ਚੜ੍ਹਿਆ ਹੈ।

**ਸ੍ਰੀ ਸਾਹਿਬ:-** ਇਹ ਸ੍ਰੀ ਦਸਮ ਗੁਰੂ ਜੀ ਦਾ ਹੈ। ਇਸ ਦੀ ਲੰਬਾਈ ਸਵਾ ਫੁਟ ਤੇ ਚੌੜਾਈ ਡੇਢ ਇੰਚ

ਹੈ। ਇਸਦਾ ਮੁੱਠਾ ਸਰਬ ਲੋਹ ਦਾ ਹੈ।

**ਦਸਤਾਰ (ਵੱਡੀ):-** ਇਹ ਦਸਤਾਰ ਅਤਿ ਬਰੀਕ ਸੂਤ ਦੀ ਬਣੀ ਹੋਈ ਹੈ। ਹੁਣ ਇਸਦਾ ਰੰਗ ਉਡ ਚੁਕਾ ਹੈ ਜੋ ਹਲਕੇ ਮੋਤੀਏ ਵਾਂਗ ਪ੍ਰਤੀਤ ਹੁੰਦਾ ਹੈ।

**ਦਸਤਾਰ (ਛੋਟੀ):-** ਦਸਮ ਗੁਰੂ ਜੀ ਕੇਸਕੀ ਦੇ ਤੋਰ ਤੇ ਇਸਦੀ ਵਰਤੋਂ ਕਰਦੇ ਸਨ।

**ਵੱਡਾ ਚੋਲਾ:-**ਇਹ ਮਹੀਨ ਮਲਮਲ ਦਾ ਬਣਿਆ ਵੱਡਾ ਚੋਲਾ ਹੈ ਜਿਸਦਾ ਰੰਗ ਭੂਸਲਾ ਜਿਹਾ ਹੈ।

**ਛੋਟਾ ਚੋਲਾ:-**ਇਹ ਦਸਮ ਗੁਰੂ ਜੀ ਦਾ ਛੋਟਾ ਚੋਲਾ ਮਲਮਲ ਦਾ ਬਣਿਆ ਹੋਇਆ ਹੈ।

**ਬਾਜ਼ ਦੀ ਡੋਰ:-** ਦਸਮ ਗੁਰੂ ਜੀ ਦੇ ਬਾਜ਼ ਦੀ ਡੋਰ ਜੋ ਦੋ ਗਜ਼ ਲੰਬੀ ਹੈ ਜਿਸਦਾ ਰੰਗ ਨਾਭੀ ਹੈ, ਇਕ ਪਾਸੇ ਦਾ ਫੁਲ ਝੜ ਗਿਆ ਹੈ।

**ਰੇਬ ਪਜ਼ਾਮਾਂ:-** ਦਸਮ ਗੁਰੂ ਜੀ ਦਾ ਰੇਬ ਪਜਾਮਾ ਹੈ। ਜੋ ਬਰੀਕ ਕਪੜੇ ਦਾ ਬਣਿਆ ਹੈ।

**ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ:-** ਇਹ ਅਤਿਅੰਤ ਸੁੰਦਰ ਅਤੇ ਬਿਲਕੁਲ ਛੋਟੇ ਸਾਈਜ਼ ਦੀ ਬੀੜ ਹੈਅ ਤੇ ਇਸਦਾ ਪ੍ਰਕਾਸ਼ ਕੀਤਾ ਹੁੰਦਾ ਹੈ।

**ਗੁਰਦੁਆਰਾ ਮਹੱਲ ਸਰ ਸਾਹਿਬ:-** ਇਹ ਅਸਥਾਨ ਦਮਦਮਾ ਸਾਹਿਬ ਤੋਂ ਦੋ ਕਿਲੋਮੀਟਰ ਦੂਰ ਬਠਿੰਡਾ ਵਾਲੀ ਸੜਕ ਤੇ ਸਥਿਤ ਹੈ। ਉਥੇ ਦਸਮ ਗੁਰੂ ਜੀ ਹੋਲਾ-ਮਹੱਲਾ ਖੇਡਿਆ ਕਰਦੇ ਸਨ। ਇਸ ਗੁਰਦੁਆਰੇ ਦਾ ਨਾਮ "ਟਿਬੀ ਸਰ" ਅਤੇ "ਹੋਲਗੜ੍ਹ" ਵੀ ਹਨ।

ਉਪਰੋਕਤ ਗੁਰੂ ਅਸਥਾਨਾਂ ਤੋਂ ਬਿਨਾਂ ਸੰਤ ਮਹੰਤਾਂ, ਗੁਣੀ ਗਿਆਨੀਆਂ ਦੇ ਉਸਾਰੇ ਬੁੰਗੇ ਵੀ ਹਨ ਜਿਨ੍ਹਾਂ ਦੇ ਨਾਮ ਉੱਚਾ ਬੁੰਗਾ, ਮਜ਼ਬੀ ਸਿੰਘਾਂ ਦਾ ਬੁੰਗਾ, ਬੁੰਗਾ ਮਸਤੂਆਣਾ, ਬੁੰਗਾ ਖੜਕ ਸਿੰਘ ਵਾਲਾ, ਬੁੰਗਾ ਬਾਰਾਂਦਰੀ, ਨੀਵਾਂ ਬੁੰਦਾ,

ਮਲਵਈ ਬੁੰਗਾ, ਚੇਤ ਸਿੰਘ ਵਾਲਾ ਬੁੰਗਾ, ਬੁੰਗਾ ਲਿਖਾਰੀਆਂ, ਬੁੰਗਾ ਕੱਟੂ ਵਾਲਾ, ਬੁੰਗਾ ਮਦਰਸਾ ਹਨ, ਜਿਨ੍ਹਾਂ ਦਾ ਆਪਣਾ ਸ਼ਾਨਾਂ ਮੱਤਾ ਇਤਿਹਾਸ ਹੈ।

**ਫੁਟ ਨੋਟ ਅਤੇ ਟਿਪਣੀਆਂ**


1. ਡਾ. ਜਸਬੀਰ ਸਿੰਘ ਸਰਨਾ, ਦਲਜੀਤ ਸਿੰਘ ਬੇਦੀ- ਸੰਪਾਦਕ: ਗੁਰਦੁਆਰਾ ਕੋਸ਼-ਪੰਨਾ-226.
2. ਗਿਆਨੀ ਗੁਰਦਿੱਤ ਸਿੰਘ- ਤਖਤ ਦਮਦਮਾ ਸਾਹਿਬ ਦੀ ਸਮਗਰੀ, ਗੁਰਦੁਆਰਾ ਗਜ਼ਟ (ਮਾਸਿਕ) ਪੰਨਾ- 85, ਨਵੰਬਰ 1965 ਈਸਵੀ
3. ਡਾ. ਅਮਰਜੀਤ ਸਿੰਘ, ਇਤਿਹਾਸ ਤਖਤ ਸ੍ਰੀ ਦਮਦਮਾ ਸਾਹਿਬ, ਪੰਨਾ 2.
4. ਡਾ. ਅਮਰਜੀਤ ਸਿੰਘ, ਓਹੀ, ਪੰਨਾ 2.
5. ਵਿਸਾਖਾ ਸਿੰਘ ਸੰਤ ਸਿਪਾਹੀ, ਮਾਲਵਾ ਇਤਿਹਾਸ (ਪਹਿਲਾ ਹਿੱਸਾ) ਪੰਨਾ 296.
6. ਗਿਆਨੀ ਈਸ਼ਰ ਸਿੰਘ ਨਾਰਾ, ਸਫਰਨਾਮਾ ਤੇ ਜ਼ਫਰਨਾਮਾ, ਪੰਨਾ 296.
7. ਗਿਆਨੀ ਈਸ਼ਰ ਸਿੰਘ ਨਾਰਾ, ਓਹੀ, ਪੰਨਾ 320.
8. ਸਮਸ਼ੇਰ ਸਿੰਘ ਅਸ਼ੋਕ, ਤਖਤ ਸ੍ਰੀ ਦਮਦਮਾ ਸਾਹਿਬ, ਗੁਰਮਤਿ ਪ੍ਰਕਾਸ਼ ਪੰਨਾ 175, ਜੁਲਾਈ 1990 ਈਸਵੀਂ
9. ਡਾ. ਅਮਰਜੀਤ ਸਿੰਘ ਓਹੀ ਪੰਨਾ 16-17.


--------


**ਮੋਬਾਈਲ ਨੰ- 94177-69103**



**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ।**

# ਜਗਤ ਮਾਤਾ ਚੰਦ ਕੌਰ

✍-ਸੁਵਰਨ ਸਿੰਘ ਵਿਰਕ

ਮਾਤਾ ਚੰਦ ਕੌਰ ਜੀ ਦਾ ਜਨਮ 1932 ਈ. ਵਿੱਚ ਪਿਤਾ ਸਰਵਣ ਸਿੰਘ ਸਿੱਧੂ ਬਰਾੜ ਅਤੇ ਮਾਤਾ ਸਮਾਂ ਕੌਰ ਜੀ ਦੇ ਕਿਸਾਨ ਪਰਿਵਾਰ ਵਿੱਚ, ਪਿੰਡ ਬੁਰਜ ਥਰੋੜ (ਬਠਿੰਡਾ) ਵਿਖੇ ਹੋਇਆ । ਇਹ ਪਿੰਡ ਮਾਤਾ ਜੀ ਦਾ ਨਾਨਕਾ ਪਿੰਡ ਸੀ। ਆਪ ਜੀ ਦੇ ਪਿਤਾ ਦਾ ਪਿੰਡ ਬਾਜਾਖਾਨਾ (ਬਠਿੰਡਾ) ਸੀ। ਦਰਅਸਲ ਮਾਤਾ ਜੀ ਦਾ ਪਿਤਾ ਸ. ਸਰਵਣ ਸਿੰਘ ਨਾਮਧਾਰੀ ਨਹੀਂ ਸੀ। ਆਪ ਦੇ ਨਾਨਾ ਸ. ਮੰਨਾ ਸਿੰਘ ਵਾਸੀ ਬੁਰਜ ਥਰੋੜ ਦਾ ਪਰਿਵਾਰ ਸਤਿਗੁਰੂ ਰਾਮ ਸਿੰਘ ਦੇ ਸਮੇਂ ਤੋਂ ਨਾਮਧਾਰੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਜਗਜੀਤ ਸਿੰਘ ਜੀ ਦਾ ਪਹਿਲਾ ਅਨੰਦ ਕਾਰਜ, ਸ. ਊਧਮ ਸਿੰਘ ਕਾਲੂਵਾਹਰ (ਹੁਸ਼ਿਆਰਪੁਰ) ਦੀ ਸਪੁੱਤਰੀ, ਬੀਬੀ ਰਾਜਿੰਦਰ ਕੌਰ ਜੀ ਨਾਲ ਹੋਇਆ ਸੀ । ਇਹ ਬੀਬੀ ਜੀ ਛੇਤੀ ਹੀ ਹੁਕਮ ਸੱਤ ਹੋ ਗਏ ਸਨ। ਇਸ ਲਈ ਬਾਬਾ ਜੀ ਦੇ ਦੂਸਰੇ ਆਨੰਦ ਕਾਰਜ ਵਾਸਤੇ ਸੂਬਾ ਇੰਦਰ ਸਿੰਘ ਰੋਡਿਆਂ ਵਾਲੇ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਪਹੁੰਚ ਕੀਤੀ।

1945 ਈ. ਵਿੱਚ ਆਪਣੀ ਮਾਤਾ ਦੇ ਮਾਮਾ ਜੀ, ਸੂਬਾ ਇੰਦਰ ਸਿੰਘ ਜੀ ਨਾਲ, ਸ੍ਰੀ ਭੈਣੀ ਸਾਹਿਬ ਜਪ ਪ੍ਰਯੋਗ ਦੇ ਦਿਨਾਂ ਵਿੱਚ ਆਏ ਸਨ। ਭੈਣੀ ਸਾਹਿਬ ਆ ਕੇ ਕਰਤਾਰ ਕੌਰ ਨੇ ਜਪ ਪ੍ਰਯੋਗ ਦੇ ਦਿਨਾਂ ਵਿੱਚ ਸੇਵਾ ਕੀਤੀ। ਸੂਬਾ ਇੰਦਰ ਸਿੰਘ ਦੀ ਅਰਜ਼ ਪ੍ਰਵਾਨ ਹੋ ਗਈ। ਬਾਬਾ ਜਗਜੀਤ ਸਿੰਘ ਜੀ ਨਾਲ ਬੀਬੀ ਕਰਤਾਰ ਕੌਰ ਜੀ ਦਾ ਆਨੰਦ ਕਾਰਜ ਕਰਨ ਲਈ ਸੂਬਾ ਜੀ ਨੇ ਆਪਣੇ ਪਿੰਡ ਰੋਡੇ, ਵਿੱਚ ਬਸੰਤ ਪੰਚਮੀ ਤੇ ਮੇਲਾ ਕਰਵਾਇਆ। ਸਾਰੀ ਰਾਤ ਕੀਰਤਨ ਹੋਇਆ। ਪੰਡਾਲ ਪਿੰਡੋਂ ਬਾਹਰ ਸੀ।19 ਮਾਘ 2002 ਬਿ: ਮੁਤਾਬਿਕ ਜਨਵਰੀ 1946 ਈ. ਨੂੰ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ, ਬਾਬਾ ਜਗਜੀਤ ਸਿੰਘ ਅਤੇ ਬੀਬੀ ਕਰਤਾਰ ਕੌਰ ਦਾ ਆਨੰਦ ਕਾਰਜ ਹੋਇਆ। ਸੰਤ ਪ੍ਰੀਤਮ ਸਿੰਘ ਚੇਲੇਕਿਆਂ ਵਾਲਿਆਂ ਜੋੜੀ ਨੂੰ ਅੰਮ੍ਰਿਤ ਛਕਾਇਆ । ਸੰਤ ਰਲਾ ਸਿੰਘ ਜੀ ਨੇ ਭਜਨ ਦੱਸਿਆ। ਅਨੰਦ ਕਾਰਜ ਤੋਂ ਬਾਅਦ ਜਦੋਂ ਸ੍ਰੀ ਭੈਣੀ ਸਾਹਿਬ ਆਏ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੀਬੀ ਕਰਤਾਰ ਕੌਰ ਦਾ ਨਾਮ ਬਦਲ ਕੇ ਚੰਦ ਕੌਰ ਕਰ ਦਿੱਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਸੁਯੋਗ ਨੂੰਹ ਨੂੰ ਹੁਕਮ ਕੀਤਾ, "ਬੀਬੀ ਗੁਰੂ ਘਰ ਦੀ ਸੇਵਾ ਕਰੋ।" ਹੁਕਮ ਅਨੁਸਾਰ ਪ੍ਰਸ਼ਾਦੇ ਪਕਾਉਣੇ, ਝਾੜੂ ਦੇਣਾ, ਦਾਣੇ ਛੱਟਣੇ, ਕੱਚੇ ਕੋਠੇ ਲਿੰਬਣੇ, ਟੋਕਰੀ ਸਿਰ ਤੇ ਚੁੱਕ ਕੇ ਮਿੱਟੀ ਸੁੱਟਣੀ, ਦੁੱਧ ਰਿੜਕਣਾ, ਧਾਰ ਕੱਢਣੀ ਇਤਿਆਦਿਕ ਸੇਵਾਵਾਂ ਸ਼ੁਰੂ ਕਰ ਦਿੱਤੀਆਂ।

1947 ਵਿੱਚ ਦੇਸ਼ ਦੀ ਵੰਡ ਸਮੇਂ ਪੱਛਮੀ ਪੰਜਾਬ ਤੋਂ ਉੱਜੜ ਕੇ ਹਿੰਦੂ-ਸਿੱਖ ਪੂਰਬੀ ਪੰਜਾਬ ਵਿੱਚ ਆਏ ਅਤੇ ਮੁਸਲਮਾਨ ਉਧਰ ਚਲੇ ਗਏ । ਇਸ ਸਮੇਂ ਸ੍ਰੀ ਭੈਣੀ ਸਾਹਿਬ ਵਿੱਚ ਹੋਰਨਾਂ ਮਾਈਆਂ ਬੀਬੀਆਂ ਨੂੰ ਲੈ ਕੇ ਮਾਤਾ ਜੀ ਨੇ ਲੰਗਰ ਤਿਆਰ ਕਰਨ ਅਤੇ ਪ੍ਰਸ਼ਾਦੇ ਪਕਾਉਣ ਦੀ ਵੱਡੀ ਸੇਵਾ ਨਿਭਾਈ। ਗੁਰੂ ਕੇ ਲੰਗਰ ਦੀ ਸੇਵਾ ਤਾਂ ਆਪ ਜੀ ਦੇ ਰੋਮ-ਰੋਮ ਵਿੱਚ ਰਚੀ ਹੋਈ ਸੀ। ਪੂਰੇ ਸੱਤਰ ਸਾਲ ਸ੍ਰੀ ਭੈਣੀ ਸਾਹਿਬ ਲੋਹ ਲੰਗਰ ਵਿੱਚ ਲਾ ਗਏ। ਆਪ ਹੁਕਮ ਅਨੁਸਾਰ ਕਦੇ ਜੀਵਨ ਨਗਰ ਕਦੇ ਭੈਣੀ ਸਾਹਿਬ ਸੇਵਾ ਕਾਰਜ ਨਿਭਾਉਂਦੇ ਸਨ। ਅਕਤੂਬਰ 1951 ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਬੀਰ ਸਿੰਘ ਜੀ ਦਾ ਆਨੰਦ ਕਾਰਜ ਬੱਪੀਆਣਾ (ਮਾਨਸਾ) ਦੇ ਸ. ਨਰਾਇਣ ਸਿੰਘ ਦੀ ਪੁੱਤਰੀ ਬੀਬੀ ਦਲੀਪ ਕੌਰ ਨਾਲ ਹੋ ਗਿਆ ਸੀ। ਜਿਨ੍ਹਾਂ ਦੇ ਗ੍ਰਹਿ ਵਿਖੇ 20 ਜੁਲਾਈ 1958 ਈ. ਨੂੰ ਹਾਜ਼ਰਾ ਹਜ਼ੂਰ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ । ਮਾਤਾ ਚੰਦ ਕੌਰ ਜੀ ਨੇ ਆਪਣੇ ਗ੍ਰਹਿਸਤ ਜੀਵਨ ਦੇ ਪਹਿਲੇ ਤੇਰਾਂ ਵਰ੍ਹੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨੂੰਹ ਦੇ ਰੂਪ ਵਿੱਚ ਸੇਵਾ ਕਰਦਿਆਂ ਬਿਤਾਏ।

22 ਅਗਸਤ 1959 ਈ. ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ-ਜੋਤ ਸਮਾ ਗਏ। ਉਹਨਾਂ ਦੇ ਜੋਤੀ-ਜੋਤ

ਸਮਾਉਣ ਤੋਂ ਬਾਅਦ ਮਾਤਾ ਚੰਦ ਕੌਰ ਜੀ ਨੇ ਸੇਵਾ ਦੀ ਰਫ਼ਤਾਰ ਨੂੰ ਹੋਰ ਤੇਜ਼ ਕਰ ਦਿੱਤਾ। ਲੰਗਰ, ਹਰੀ ਮੰਦਰ, ਜਗਜੀਤ ਮੰਦਰ, ਰਾਮ ਮੰਦਰ, ਰਾਮਸਰ ਸਰੋਵਰ, ਇਤਿਆਦਿਕ ਇਤਹਾਸਿਕ ਅਸਥਾਨਾਂ ਦੀ ਤਿਆਰੀ ਸਮੇਂ ਆਪ ਨੇ ਸੇਵਾ ਕੀਤੀ। ਜੀਵਨ ਨਗਰ, ਮਸਤਾਨਗੜ ਆਦਿ ਦੀ ਉਸਾਰੀ ਸਮੇਂ ਵੀ ਆਪ ਨੇ ਸੇਵਾ ਕੀਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਤਾ ਜੀ ਨੂੰ ਆਦੇਸ਼ ਦੇ ਕੇ ਮੰਡੀ ਵਿੱਚ ਬਿਆਸ ਦਰਿਆ ਦੇ ਕਿਨਾਰੇ ਇੱਕ ਕੋਠੀ ਤਿਆਰ ਕਰਵਾਈ। ਘੱਗਰ ਨਾਲੀ ਦਾ ਬੰਨ੍ਹ 1964-65 ਵਿੱਚ ਬੱਝਿਆ ਸੀ। ਇਸ ਤੋਂ ਤੁਰੰਤ ਬਾਅਦ ਇਹ ਕਾਰਜ 1967-68 ਵਿੱਚ ਸ਼ੁਰੂ ਹੋਇਆ। ਇਸ ਸਮੇਂ ਵੀ ਮਾਤਾ ਜੀ ਸੇਵਾ ਵਿੱਚ ਹਾਜ਼ਰ ਸਨ।

2010 ਵਿੱਚ ਘੱਗਰ ਦੇ ਹੜ੍ਹ ਨੇ ਨਾਲੀ ਦੇ ਉੱਤਰੀ ਪਾਸੇ ਕਹਿਰ ਮਚਾਇਆ। ਮਾਤਾ ਜੀ ਨੇ ਸਤਿਗੁਰੂ ਜੀ ਦੇ ਹੁਕਮ ਤੇ ਅਗਸਤ ਵਿੱਚ ਹੜ੍ਹ ਮਾਰੇ ਪਿੰਡਾਂ ਦਾ ਦੌਰਾ ਕੀਤਾ। ਨਾਮਧਾਰੀ ਗੈਰ-ਨਾਮਧਾਰੀ ਦੇ ਵਿਤਕਰੇ ਬਿਨਾਂ ਲੋੜਵੰਦਾਂ ਲਈ ਅਨਾਜ, ਤੂੜੀ, ਪੱਠਾ ਅਤੇ ਮਾਇਆ ਦੀ ਵੀ ਮਦਦ ਕੀਤੀ। ਇਸ ਤਰ੍ਹਾਂ ਹੀ 1988 ਵਿੱਚ ਸ੍ਰੀ ਭੈਣੀ ਸਾਹਿਬ ਦੇ ਆਸ-ਪਾਸ ਸਤਲੁਜ ਦੇ ਹੜ੍ਹਾਂ ਵੇਲੇ, ਉਹ ਲੋੜਵੰਦਾਂ ਦੇ ਅਥੋਲ ਸਹਾਇਕ ਬਣਦੇ ਰਹੇ । ਮਾਤਾ ਜੀ ਦੇ ਉਸਾਰੀ ਕਾਰਜਾਂ ਦਾ ਤਾਂ ਬੇਅੰਤ ਲੇਖਾ ਹੈ । ਮਾਤਾ ਜੀ ਦੇ ਯਤਨਾਂ ਸਦਕਾ ਨਕਸ਼ਿਆਂ ਮੁਤਾਬਿਕ ਗਊਸ਼ਾਲਾ, ਮਾਈਆਂ ਦਾ ਡੇਰਾ, ਨਵਾਂ ਸਟੋਰ, ਵਰਨੀ ਅਸਥਾਨ, ਕੋਠੀ, ਕਮਰੇ ਤੇ ਹੋਰ ਸੰਬੰਧਿਤ ਅਸਥਾਨ ਵਜੂਦ ਵਿੱਚ ਆ ਗਏ । ਸੰਮਤ 2038 ਮੁਤਾਬਿਕ 1981 ਈ. ਦਾ ਜਪ-ਪ੍ਰਯੋਗ ਮੇਲਾ ਮਾਈਆਂ ਨੇ ਸਤਿਗੁਰੂ ਜੀ ਤੋਂ ਮੰਗਿਆ ਸੀ, ਇਸ ਨੂੰ ਸਿਰੇ ਚੜ੍ਹਾਉਣ ਲਈ ਸਤਿਗੁਰੂ ਜੀ ਦੇ ਹੁਕਮ ਤੇ ਮਾਤਾ ਜੀ ਸ. ਜਸਵੰਤ ਸਿੰਘ ਕੱਲਾ ਹੋਰਾਂ ਨੂੰ ਨਾਲ ਲੈ ਕੇ, ਦਿਨ ਰਾਤ ਲੋੜੀਂਦੇ ਕਾਰਜਾਂ ਵਿੱਚ ਜੁੱਟ ਗਏ। ਜਦੋਂ ਮਸਤਾਨਗੜ੍ਹ ਦੀ ਉਸਾਰੀ ਸ਼ੁਰੂ ਹੋਈ ਤਾਂ ਬੀਬੀ ਗੁਰਨਾਮ ਕੌਰ ਨੇ ਅਰਜ਼ ਕੀਤੀ ਕਿ ਮਾਤਾ ਜੀ ਕੰਮ ਤਾਂ ਸ਼ੁਰੂ ਕਰਨ ਲੱਗੇ ਹਾਂ, ਸਾਧ ਸੰਗਤ ਲਈ ਦੁੱਧ ਕਿਥੋਂ ਆਵੇਗਾ? ਮਾਤਾ ਜੀ ਨੇ ਸੁਭਾਵਿਕ ਬਚਨ ਕੀਤਾ, "ਗੁਰਨਾਮ, ਸਤਿਗੁਰੂ ਜੀ ਇਨੀ ਬਖਸ਼ਿਸ਼ ਕਰਨਗੇ ਕਿ ਦੁੱਧ ਸਾਂਭਿਆ ਨਹੀਂ ਜਾਣਾ।" ਕੁੱਝ ਹੀ ਦਿਨ ਬੀਤੇ ਕਿ 20 ਕਿਲੋ ਰੋਜ਼ਾਨਾ ਦੁੱਧ ਦੇਣ ਵਾਲੀ ਮੱਝ ਆ ਗਈ।

ਮਾਤਾ ਜੀ ਆਪਣੇ ਭਵਿੱਖ ਪ੍ਰਤੀ ਕਦੇ ਵੀ ਚਿੰਤਾਤੁਰ ਨਹੀਂ ਹੁੰਦੇ ਸਨ । ਮਾਤਾ ਜੀ ਦੇ ਇਰਾਦੇ ਦ੍ਰਿੜ ਸਨ । ਕੰਮ ਦੀਆਂ ਸ਼ਿਫਟਾਂ ਬਦਲਣ ਸਮੇਂ ਸੇਵਾਦਾਰਾਂ ਦੀਆਂ ਸ਼ਿਫ਼ਟਾਂ ਬਦਲ ਜਾਂਦੀਆਂ ਸਨ ਪਰ ਮਾਤਾ ਜੀ ਦੀ ਸ਼ਿਫ਼ਟ ਨਹੀਂ ਸੀ ਬਦਲਦੀ। 1984 ਵਿੱਚ ਇੰਦਰਾ ਗਾਂਧੀ ਦੇ ਕਤਲ ਬਾਅਦ ਦਿੱਲੀ ਸਮੇਤ ਕਈ ਸ਼ਹਿਰਾਂ ਵਿੱਚ ਸਿੱਖ ਵਿਰੋਧੀ ਹਿੰਸਾ, ਸਾੜ-ਫੂਕ, ਲੁੱਟ-ਮਾਰ ਹੋਈ। ਬਹੁਤ ਸਾਰੀ ਨਾਮਧਾਰੀ ਸੰਗਤ ਸ੍ਰੀ ਭੈਣੀ ਸਾਹਿਬ ਆ ਗਈ। ਸਤਿਗੁਰੂ ਜੀ ਨੇ ਉਹਨਾਂ ਨੂੰ ਆਪਣੇ ਪਰਿਵਾਰ ਦੇ ਜੀਆਂ ਵਾਂਗ ਗਲੇ ਲਾਇਆ । ਮਾਤਾ ਜੀ ਨੇ ਹਰ ਤਰ੍ਹਾਂ ਨਾਲ ਉਹਨਾਂ ਦੀ ਦੇਖ-ਭਾਲ ਕੀਤੀ, ਦਵਾ-ਦਾਰੂ ਕਰਵਾਈ, ਭੈਣੀ ਸਾਹਿਬ ਦੇ ਸਾਰੇ ਕਮਰੇ ਖਾਲੀ ਕਰਵਾਕੇ ਉਹਨਾਂ ਦੇ ਹਵਾਲੇ ਕਰਕੇ ਲੰਗਰ, ਲੀੜਾ, ਕੱਪੜਾ ਆਦਿ ਦਿੱਤਾ।

1998 ਈ. ਵਿੱਚ ਖੰਨੇ ਦੇ ਨੇੜੇ ਕੌੜੀ ਪਿੰਡ ਪਾਸ ਭਿਆਨਕ ਰੇਲ ਹਾਦਸਾ ਵਾਪਰਿਆ। ਜਿੱਥੇ ਦੋ ਟਰੇਨਾਂ ਆਹਮੋ-ਸਾਹਮਣੇ ਭਿੜੀਆਂ ਸਨ । ਇਸ ਸਮੇਂ ਮਾਤਾ ਜੀ ਵੱਲੋਂ ਪੀੜਤਾਂ ਦੀ ਮਲ੍ਹਮ-ਪੱਟੀ, ਕੱਪੜੇ ਅਤੇ ਲੰਗਰ ਛਕਾ ਕੇ ਸੇਵਾ ਕੀਤੀ ਗਈ । ਬਿਰਧਸ਼ਾਲਾ ਦੇ ਬਿਰਧਾਂ ਲਈ ਫ਼ਲ-ਫਰੂਟ ਅਤੇ ਸਿਆਲ ਵਿੱਚ ਅਲਸੀ ਵਗੈਰਾ ਮੁੱਕਣ ਨਾ ਦਿੰਦੇ। ਜਦੋਂ ਕੋਈ ਵਿਅਕਤੀ ਪਰੇਸ਼ਾਨ ਹੋ ਕੇ ਆਪਣੀ ਪਰੇਸ਼ਾਨੀ ਬਾਰੇ ਦੱਸਦਾ ਤਾਂ ਮਾਤਾ ਜੀ ਦਾ ਜੁਆਬ ਹੁੰਦਾ, "ਭਾਈ ਮੈਂ ਜਦੋਂ ਵੀ ਕਦੇ ਪਰੇਸ਼ਾਨ ਹੋਵਾਂ, ਮੈਂ ਤਾਂ ਸੇਵਾ ਕਰਨ ਲੱਗ ਜਾਂਦੀ ਹਾਂ, ਪਰੇਸ਼ਾਨੀ ਆਪੇ ਭੱਜ ਜਾਂਦੀ ਹੈ।" ਗੁਰੂ ਘਰ ਵਿੱਚ ਜੋ ਸੇਵਾ ਦੇ ਪ੍ਰਤੀਮਾਨ ਆਪ ਦੇ ਪੂਰਵਜਾਂ ਵਿਸ਼ੇਸ਼ਕਰ ਮਾਤਾ ਜੀਵਨ ਕੌਰ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਨੇ ਸਿਰਜੇ ਸਨ। ਮਾਤਾ ਜੀ ਉਹਨਾਂ ਉੱਤੇ ਖਰੇ ਉੱਤਰੇ।

ਮਾਤਾ ਜੀ ਨੂੰ ਬੁਖਾਰ ਰਿਹਾ ਕਰੇ । ਡਾਕਟਰਾਂ ਨੇ ਕਿਹਾ, "ਕੁੱਝ ਸਮੇਂ ਲਈ ਆਪ ਮੁਕੰਮਲ ਆਰਾਮ ਕਰੋ।" ਪਰ ਅਰਾਮ ਕਰਨਾ ਆਪ ਦੇ ਸੁਭਾਓ ਦਾ ਹਿੱਸਾ ਨਹੀਂ ਸੀ । ਸੇਵਾ ਤੇ ਜਾ ਲੱਗੇ। ਪੁੱਛਣ ਵਾਲਿਆਂ ਨੂੰ ਕਹਿੰਦੇ, "ਮੈਂ ਸੇਵਾ ਕਰਦੀ ਹੀ ਠੀਕ ਰਹਿੰਦੀ ਹਾਂ।" ਸੇਵਾ, ਸਿਮਰਨ, ਤਿਆਗ ਅਤੇ ਬਲੀਦਾਨ ਦੀ ਮੂਰਤ ਦੇ ਰੂਪ ਵਿੱਚ, ਜਗਤ ਮਾਤਾ ਚੰਦ ਕੌਰ ਜੀ ਹਮੇਸ਼ਾਂ ਜਾਣੇ ਜਾਂਦੇ ਰਹਿਣਗੇ।

# A SAGA OF
# SRI SATGURU JAGJIT SINGH JI

✍ –Dr. Sharada Jayagovind

The refugees were landless, homeless and penniless, yet they thanked God for being alive. Then, Sri Jiwan Nagar was an alien, arid and unfriendly land. Water was scarce, the land was covered with shrubs and thorny bushes and the weather was harsh.

The refugees had to come to terms with the painful loss of property, family and friends. But the greatest consolation was that their Satguru was with them to guide and protect. New homes had to be built, new relationships had to be forged and life had to start anew. The langar took care of their hunger and the Satguru took care of their souls.

Baba ji and the band of young men were in charge of distributing grains, medicines and clothes to the refugees. Baba ji recalled in a discourse that he himself used to transport 1,600 maunds (59,200 kg) of foodgrains on tractor to the langar at Sri Jiwan Nagar every month.

One day, Master Balwant Singh, who was assisting Baba ji in distributing clothes and blankets to the refugees, complained to Satguru Partap Singh ji that if Baba ji continued to give away so many clothes, soon there would be a shortage. Satguru ji called Baba ji for an explanation. Baba ji answered:

"Satguru ji, by your kirpa, the stores are full."

Satguru Partap Singh ji was satisfied with this answer and told Balwant Singh:

"If Vadda Kaka has his way, he would even distribute the clothes we are wearing."

Such was the love and generosity of Baba ji whose heart went out to the suffering refugees.

Life had to go on for the refugees and it is said that with the grace of the Guru, even a desert can be transformed into a land of milk and honey. Those days, there was an acute shortage of water in the villages around Sri Jiwan Nagar. The Agriculture Department dug a borewell in Sri Jiwan Nagar which went down to five hundred and fifty feet, yet failed to strike water. After Satguru ji showered his blessings on the land, water gushed out at sixty feet in different parts of Sri Jiwan Nagar. When Satguru ji and Baba ji started residing in the Sri Jiwan Nagar area, the region also started receiving ample rainfall. Within a few years, the desert-like landscape had turned fertile and green.

The young men among the refugees were formed into a workforce and joined hands with Satguru ji and Baba ji to build this new land of hope. Today's wealthy villages of Sri Jiwan Nagar with palatial houses and shiny long cars were founded on the sweat, strength and commitment of the Satguru and his disciples. In those days there were no proper roads. Volunteers and refugees had to use bicycles or trek down the dusty dry patches of land.

The refugees were given seeds, cattle, and equipment necessary for farming. In Sri Jiwan Nagar, the first three years, community farming was undertaken and the yield was divided among the farmers based on their landholdings and the labour put in.

**to be continue.......**

# The 1872 origin of the 1919 incident

✍– A. S. Panesar

Though these two officers (*Cowan and Forsyth*) were censured (*after Kooka massacre of 1872*), their vigorous defence of their actions marked out a path that was to lead in 1919 to the infamous Amritsar massacre.
-Thomas Metcalf in 'The New Cambridge History of India. *Ideologies of the Raj*'.

**What motivated General Reginald Dyer to open fire at innocent people gathered for a peaceful meeting in Jallianwala Bagh on the morning of 13th April 1919? What assurances did he and his superior Michael O'Dwyer have that they would not be punished for the heinous crime that Reginald Dyer was about to undertake? That an all-out revolt will not take place and the pro-empire institutions will not dissociate from them? Recent historical work indicates that the twin events of the Indian Rebellion of 1857 and Kooka Outbreak of 1872 had a deep influence on the psychology of many Anglo-Indians who were contemporary of Dyer. However, an observation that has hitherto escaped attention of many historians is the remarkably similar response of support that both Cowan and Dyer got from native elites, especially Sikh clergy and priesthood, in 1872 and 1919, respectively. The tragic incident of Jallianwala Bagh in 1919 thus, had its origins not only in the psychology of Anglo-Indians, but also in the 'support base' of native elites and opportunistic clergy who largely influenced the 'psychosphere' of Indian masses. Admirably, many conscious-stricken Britishers were the first whistleblowers who had strongly opposed Cowan and Dyer. In essence, a part of history of 1872 repeated itself in 1919!**

**Remembering the martyrs**

Year 2019 marks the 100th anniversary of the unfortunate Jallianwala Bagh tragedy. The historic anniversaries are a time to remember the martyrs who laid down their lives for the cause of humanity, freedom and a quest for an equal society where the poor are not oppressed. It is also a time for introspection of the past to understand where the mistakes were made, due to which few people had to rise and sacrifice themselves in order to set an example for the enormous masses to rise up in turn, for the betterment of society. The 1919 incident of Jallianwala Bagh should also be analyzed to understand the forces that influenced and motivated the oppressor and the oppressed. This may be a tribute today, to the innocent lives that were unfortunately and untimely lost a hundred years ago. It is not the story of one person killing others. As Mahatma Gandhi remarked, 'We *do not want* to *punish Dyer*. We *have no desire* for revenge. We *want* to change the *system* that *produced Dyer*'. In 2015, Kim Wagner, Senior Lecturer in British imperial history, argued that the action of General Reginald Dyer on the morning of 13th April 1919 was not an isolated event. It had its psychology rooted deep inside the colonial mindset. Wagner proved that two important events in history, 'The Mutiny of 1857' and the 'Kooka outbreak of 1872' had direct influence on the fearful position that the British imperialists developed in their mindset. Similar 'vulnerable

position of the colonial mindset' is also expressed by Mark Condons in his book 'The Insecurity State: Punjab and the Making of Colonial Power in British India'. This article looks at the Indian factors which were in play and acting for the imperial cause. At the outset, it is being made clear that the meaning of words 'imperialists', 'colonialists', 'clergy', 'priesthood' etc. should not be taken as 'generalized' and should be referred to mean to only those to whom the discussed point is applicable.

**Objective of the discussion**

Colonialism refers to the rule of an empire over its colonies, for example, British empire ruling over India. Imperialism is the 'idea of empire', a set of ideals on which basis the rule of one country is justified over the other. Ideals are often different from what comes into practice. Colonial justice was one of the strongest factors which was used to convince masses in general and intellectuals in particular, that English rule is good for India. Some Britishers sincerely believed this to be the case, as will be evident later. However, at the heart of empire, British imperialists and native rulers, exploitation in the name of opportunity was what actually mattered. In Jallianwala Bagh also, Reginald Dyer killed people in the name of 'preserving law and order' and 'saving the rest of people of Punjab'. Relationship of British empire with common man, learned class, ruling elite was different and based on its personal benefits. Other important episodes of the colonial history in Punjab include the affectionate attitude of Lahore-based Sikh revival societies towards the British imperialism, 1897 Battle of Saragarhi, warm reception of King Edward VII in Delhi by Sikhs. However, all the above pro-empire incidents could not allay the anti-empire experience of the imperialists with the Kuka Sikhs not only in 1872, but throughout the course of their presence in India. Why were the responses to the Kuka massacre in 1872 and Jallianwala Bagh massacre in 1919 similar? According to a common saying, **''History does not repeat itself, but it rhymes''**. It means that although the events in different timeframes may differ in their details, the underlying motivation often remains the same. Many a times, results of happenings in the past pave way for an action in the future. This way, history also provides a lens to glance at human behaviour and social conduct of particular groups or societies.

The purpose of this article is to critically examine the 'psychological safeguard' that Dyer and O'Dwyer would have had, by virtue of which both went ahead with their infamous action on the morning of 13th April a century ago. ***What assurances did Reginald Dyer have that he would not be suspended for firing at innocent people in Jallianwala Bagh, as was Lambert Cowan in 1872? What assurances did Micheal O'Dwyer have that he would not be punished for endorsing the killings, as was Thomson Forsyth in 1872?*** Essentially, the question being considered is to find out: What was common in the aftermath of 1872 and 1919 incidents that were half-a-century different on the timeline? According to Wagner, the violence of the Amritsar Massacre might better be understood as **the final stage of a much longer process**. What was this process that started before 1872 and continued till 1919 and in some form, even beyond? The English perspective in the form of psychology of Anglo-Indian mindset has been discussed by Wagner. ***The Indian perspective in the form of 'security blanket' provided to imperial wrongdoings by native clergy and aristocracy is discussed here***. It is important to have a brief look at the relevant history in order to understand the 'situation on ground' and the 'apprehensions in mind' which would have motivated Dyer and O'Dwyer to the direful event.

**Historical background**

The fundamental ideas of equality, fraternity and freedom, discussing whom the peaceful assembly at Amritsar was brutally fired upon, have been around since times immemorial. However, during the dark ages of invasion, these ideas were outrightly rejected by the ruling elites and undue excesses were committed on people. Such was the time when Guru Nanak Dev Ji re-iterated the ideals of equality and universal brotherhood to near and far places and peoples. Guru Gobind Singh Ji

rallied his followers against tyranny spread by Aurangzeb. The unethical conduct of the ruling class was restricted by the ethical use of arms for the benefit of all people. After a hundred years since the proclamation of rejection of unjustified force against anyone on the eventful day of Baisakhi in 1699, a Sikh empire was established by Maharaja Ranjit Singh on secular lines in 1799. The secular empire, where every religion and faith was equally respected and the law of land guaranteed justice for all, ran in full spring for half a century. With the death of Maharaja Ranjit Singh, the leadership passed to inefficient rulers, who wasted away the hard-earned efforts of Maharaja, in less than a single decade. The then leadership conspired with British imperialists, with complete disregard to common population. In 1849, Punjab also became part of the British paramount.

With the arrival of East India Company, new laws were enacted. Although pretended as legislation that would preserve law and order, the new laws actually disturbed the peace and contributed to ill-feelings against the imperialists. India had to be unified in order to facilitate ease of governance, but the imperialists were clever enough not to allow the 'administrative compulsion of unification of India' to translate to 'uniform aspirations of all Indian people'. The existing, indigenous structure was destroyed. Village autonomy was sabotaged. Effectively, the imperial Government played 'Divide and Rule' policy not only with the native people, but with their socio-political, economic and religious structures as well. Cow, venerated for religious beliefs and extremely important for agriculture and economy, could no longer be protected as it was earlier. Newly implemented agriculture taxation was no longer in the form of 'a share of crop produce', rather in the form of cash. Thus, to pay the tax in cash, middlemen were required. The economy was linked internationally, but the economic despair was deep inside every home. Unrealistic assessments of agricultural taxation were made, due to which, farmers had to pay exorbitant taxes. New socio-political structure was created, where the village headmen were appointed, other positions were created with a view to gain information on the sources and intensity of possible resistances being developed against the imperial rule in the countryside. The 'extravagant pomp and show' of the imperial British Empire was specifically designed to make the people believe that they were inferior to a dominant race.

**Bringing luck for the empire: Clergy or Priesthood**

The dissent was growing against the unjust imperial rule. However, the empire found a lucky ally to work for them: priesthood. The clergy or priesthood had a large influence on the people not due to their character, but due to the fact that they were custodians of places of worship and faith. Many instances prove that for selfish and vested interests, they supported the imperial Government in all its wrongdoings. This, they did voraciously in 1872 and again in 1919. Constant exploitation of colonial subjects, upon which the empire and its 'ideology of expansion' could be maintained required a short section of society dearly faithful to the cause of rulers. The general administration report of 1860-61 of Punjab commented, **'The absence of a privileged class of representative men, whose welfare is identified with that of the government, makes a gulf between us and our subjects productive of mutual misunderstanding'**. As will be clear from the following passages, the one institution that the imperialists could ever trust was the priesthood which conspired with them against the very own people which it represented. It was argued in 1850s that **'priestly classes have... every reason to bless their new masters. The Seikh holy places have been respected...(and) liberty has been extended to all religious characters, even the mendicant friars and village ascetics'.** However, Murphy pointed out in her book 'The Materiality of the Past: History and Representation in Sikh Tradition' that the relationship of British imperialism with Sikh priesthood was not straightforward and proved that it was the object of British imperialists to engage the 'religious psychosphere' for supporting the twin objectives

of military and economic benefits from the Punjab state of colonial empire. In the name of religious liberty, tensions were deliberately created. Dharampal's account in 'The British origin of Cow-Slaughter in India' exposes the double standards of the imperial British policy. But majority of priesthood in Punjab did not oppose the unjust imperial laws, rather strengthened the imperial rule by garnering more and more support for them. The guilty of Jallianwala Bagh massacre, Michael O'Dwyer very delightfully noted in his book 'India As I Knew It: 1885-1925, **'The Punjab Mohammedans went to fight in Mesopotamia, Palestine, and Egypt in a spirit of loyal duty; the Sikhs for sheer love of fighting, as summed up in Skobeleff's saying: ''What does it matter whom you fight against, the thing is the fight''**. Thus, the romance with the British imperialism was not restricted to a particular section, but a general trend of the Punjabi society then.

Thus, the imperialists discovered Punjab clergy or priesthood as an instrument for indoctrination of masses. From the same masses, came their army recruits, who in turn repressed the same masses whenever it gathered courage to rise against the colonial tyranny. John Gordon in his book 'The Sikhs', also expressed satisfaction over the subjugation of Sikh ambitions along with the interplay of their 'religious obligation' to 'British loyalty'. Gordon says, **'it was recognised to be a healthy and good thing for the Sikhs to maintain fidelity to the instincts and traditions of their religious convictions, which were not inconsistent with sincere allegiance to the British Crown; to maintain their sentiment of nationality in the form of subordinate patriotism'**. It is interesting to note the word ''sincere allegiance'' used by Gordon and the fact that the ''imperialized'' religious convictions were followed by 'subordinate patriotism'. The aim of religious allegiance was political: to prevent the real character of the empire from being exposed; to sugar-coat the exploitative nature of the empire. And the majority of priesthood in general, did this with sincerity.

By being the 'steel force' of empire, Punjab contributed much more to the persistence of imperialism, than other places who were just exploited for economic value. Punjab fulfilled the twin objectives of finanical and military strength to the empire, essentially ensuring their and other country people's subjugation. Preistly classes were an important component, who for their personal benefits, bolstered the image and perception of 'empire' in the minds of their followers. So much so that, loyalty to British imperialism came to be seen as fulfilling essential religious obligations. John Gordon's account of such 'concocted' stories and ideals provide a clear glimpse of the role that clergy or priesthood played in maintaining the *Raj*.

**Enigma of Empire and the 1872 Kooka Outbreak:**

Satguru Ram Singh Ji infused the ideas of equality and freedom at a time when entire Punjab was entangled in the cutches of imperialism. The book '1000 years, 1000 people' describes the conditions of Punjab apty when it remarks, **'(the people) had unquestionably accepted the British domination until (Guru Ram) Singh came along'.** The British Empire failed on the promise of justice, around which the mirage of imperial magnanimity was hyped. By gilding the 'pretext of justice' around colonial laws and policies, imperial Government rendered the development of an awakening against their rule very difficult. Exposing the enigmatic nature of empire required some serious hard-work.

The issue of cow protection was central to the policy of Maharaja Ranjit Singh. On November 11, 1893, an anonymous report was printed in Australian newspaper Geelong Advertise under the title 'Cow Killing in India'. The report accepted explicitly that the cow-killing in India exasperates the Hindus and has been responsible for riots. The anonymous author further stated that the sentiment of Hindu for a cow is strong and real, and one of a kind that is difficult to be understood by Englishmen. The author further noted that Mohammedan governors also felt the political importance of humoring the Hindus (*by abstaining from cow slaughter*)...But under the British rule, the case was changed. The killing of cow, for whatever reasons, was protected by the new

imperial law and the police, including troops if necessary, offered protection and thus impunity for kine-killing.

It was this unjust use of the so-called law-and-order keeping forces that the Namdhari Sikhs stood against. Namdhari or Kooka Sikhs worked for maintaining the purity and sanctity of Harmandir Sahib at the time when it was being insulted. A British confidential report, from L.H. Griffin, Officiating Secretary to the Government of Panjab to E.C. Bayley, Esq., C.S.I., Secretary to the Government of India dated 9th September, 1871, now available in National Archives of India, mentioned the events preceding the assault on slaughter-house in Amritsar in the following words, **'During the months of April and May of that year considerable excitement prevailed in the city of Amritsar on the subject of the slaughter of kine. This excitement was to an extent hitherto unusual, and there is reason to believe owed its origin mainly to the exposure of beef for sale in the city, and to the fact of one Deva Singh, a Sikh, irritated by this <u>exposure into the temple</u>, picking up a bone and placing it in front of the Granth, the holy book of the Sikhs'**

'Exposure of beef into the (Golden) Temple' was a serious issue. The Deputy Commissioner of Amritsar held a meeting where Hindus and Muslims were called to allay the tensions in the city. There is no mention of calling Sikhs in the meeting, despite the fact that Sikh place of worship, the Golden Temple's sanctity was under danger. This induced alienation of Sikhs from their history and sentiments was a consciously deliberate policy of imperial Government, and also one that they carried on with the help of pro-empire Sikh intelligentsia.

The issue of cow protection has been important to Punjab for its value in agriculture and veneration in religion. As mentioned earlier, n the year 1871, Amritsar town was extremely tense as there were reports that beef was being brought in town against the colonial Government's own law. Due to opening of a slaughterhouse near Clock Tower adjacent to Golden Temple, the 'beef was exposed in the temple'. In case of Malerkotla, an ox was killed in front of a Namdhari Sikh. **Even non-Namdhari Sikhs had strong sentiments for cattle. A news report in 'The Daily News' dated 4th July 1911 demonstrates this veneration. Gunga Singh, a British Indian soldier had fired in the dark towards a point where he suspected mischievous activity, due to bandits of thieves. However, upon inspection it was found that Gunga Singh had inadvertently killed a cow. While this led to a half-hearted laughter amongst others, for Gunga Singh, the world was changed! Even despite having performed all the prescribed penances for an accidental mistake, Gunga Singh died of the grief of having killed a cow. This is just one example amongst others of cow veneration among the Non-Namdhari Sikhs. But by burying the issue due to fear of imperial Government, Sikh aristocracy and priesthood only trivialized its own condition and more importantly, accepted difficult circumstances, both economic and psychological, for the common population.**

When the Namdhari Sikhs protested against the discriminatory and wrong policies of British Government and attacked the agents who created disturbances and had the protection of colonial law, the imperial Government acted strongly. The reality of dissent with the colonial law was made evident on one hand. On the other, the treatment of Kuka Sikhs exposed the real intentions of the 'imperial mind-set'. The conduct of Cowan was cowardly throughout the episode, but when he came to know that the Namdhari Sikhs have surrendered in Rurr village, he at once rushed to Malerkotla to become a hero and set an exemplary punishment for the natives!

**Implications for the next century:**

Similar to the Malerkkotla incident, in Amritsar, in the name of keeping law and order, Dyer fired on innocent people and aspired to become a hero. But Cowan had been suspended in 1872. Still then, Dyer or O'Dwyer did not consider that possibility. The history that happened in the aftermath of the Kooka outbreak is what was clearly the 'support blanket' under which Dyer and O'Dwyer believed that the cold-blooded murders they had undertaken and authorized, respectively, would

be shielded and forgotten away. And history is witness to the fact that they were right. Sikh clergy supported Dyer, like it did in the case of Cowan. But the times were changed. With the spread of press and of the new century consciousness, Indians did rise up against the brutality. However, the clergy also rose up with new methods to suppress the new-found consciousness, adding to the infamy that they already personified during the Kooka massacre in 1872. Thus, the misguided clergy has a lot to blame for keeping India subjugated. It is thought-provoking to note how the events of 1872 paved way for the consequences in 1919!

Both the aristocracy and clergy could have utilized the happenings of 1872 Kooka outbreak to gain an upper hand over the imperial Government and forced them to modify their laws and policies according to the secular principles held previously in Maharaja Ranjit Singh's reign. This would have served the purpose of priesthood and they would have come out as a formidable entity with a say in the affairs of state, just like the Akali movement from 1920s onwards. Moreover, by supporting the popular sentiment, priesthood would have earned respect amongst the devotees. However, like the aristocracy, priesthood also flattered the imperial Government. In a letter from Government of Punjab to Home Secretary, Calcutta, the imperial administrators noted with delight, **'At a durbar held at Amritsar today to commemorate the recovery of his Royal Highness the Prince of Wales, all the Chiefs of the Sikhs presented a spntaneous address expressing their hostility to the Kookas and their tenets, and heartily approving the measures of repression adopted by the Government'**. This address was delivered by Sardar Dyal Singh Majithia on behalf of a deputation of Sikh nobles and priests, appointed by the city abd district of Amritsar. The real position of the priesthood can be gauged from the wording of the address:

**'We the undersigned Sikh of all classes of Amritsar, beg unanimously submit that we have no connection or sympathy whatever with the Kuka sect...the Kukas do not differ from us in religious principles onyl, but they may be said to be our mortal enemies. Since by their misconduct and evil designs, they injured our homour in the estimation of the governemnt, and well-high levelled with the dust, the services performed in 1857, through which we were regarded as well-wishers and loyal subjects by the government...And regarding the sect, as our enemies, we are thankful to the government for the measures which have been adopted whereby the desires of our hearts have been fulfilled'**.

At this meeting, Mangal Singh Ramgarhia was given khilat (ceremonial robe or gift given as honour) for organising the meeting. On January 31, 1872, THE ENGLISHMAN newspaper expressed satisfaction over the events in Punjab saying, **'At the executions of the Kukas of Malerkotla an immence course of natives turned out to behold the perrible spectacle and we learn from native sources that it had a most impressive effect on the whole population...'**.

But then came the whistleblower, newspaper THE FRIEND OF INDIA, which later was renamed THE STATESMAN, and its office stands in the center of Connaught place in New Delhi. On Februaru 1, 1872, THE FRIEND OF INDIA newspaper, whose editor was a British named James Routledge expressed:

**'We protest, without waiting for official documents, against the wholesale Military Execution ordered by Deputy Commissioner Mr. Cowan, or carried out in is presence...We want to know, however, who authorised Mr. Cowan to shoot on the spot men already in his hands, and beyond hope of rescue. We hope that public opinion in India and England will demand and enforce an answer to this question'.**

On January 29, 1872, newspaper THE HINDU PATRIOT expressed surprise over the response of society to the terrible Kooka massacre, and said:

**'Strange to say not a voice has been raised or a line written, as far as we have see, against this whole-sale military execution'.**

But this was not strange for the Punjab priesthood. When the details full finally arrived, the FIREND OF INDIA newspaper wrote on February 8, 1872:

**'Every fact that we have seen on the subject**

**deepens our scorn and horror of the terrible deed. Do you call that government? - to leave vast bodies of men untaught, unguided, to grope their way into whatever fanaticism offers, and then shoot them down from the canon's mouth making a shambles of the place where the execution takes place, on the first blush of anything at all resembling rebellion?'**.

The above was written by a British editor, for whom AMRITA BAZAR PATRIKA newspaper said in October 31, 1872 that 'Routledge never advocated the cause of the natives, but he advocated the cause of truth and justice...'. The priesthood's job was to spread the message of truth, equality, justice and benevolence for all life as taught by Guru Nanak Dev Ji and Guru Gobind Singh Ji. But all that the assembled clergy had to say in March, 1872 regarding the execution of Namdhari Sikhs without a judicial trial was that '**the desires of our hearts have been fulfilled'.** It may be again re-informed that the Namdhari Sikhs had risen against the injustice being done with the sanctity of Golden Temple that was central to all Sikhs and the issue of kine-killing that was central to common masses.

THE FRIEND OF INDIA again stated:

**'What cause was there, what justification was there, for an officer acting in such a case as this on his own responsibility? Does any one imagine that Parliament would ever intend to authorise a Deputy Commissioner to use such an awful power as was used by Mr. Cowan? We are quite satisfied that there would be no such intention'.**

Speaking on the gravity of matter, the newspaper wondered what would have been the response of British press, had such an execution been done by Russians:

**It may be said-it has been said-that the sternness and severity of the punishment quelled the rebellion. But if so, still we deny the right to inflict the punishment on which it had been inflicted by Russia and Englishmen had known of it, would have been made to ring through the world.**

Expressing total disapproval of Cowan, the newspaper remained steadfast to obtain justice and variously expressed:

**'There are exceedingly able men among the civil officer of India, but in such a large body there must be some who are not only not able, but who would be altogether incompetent to decide, with judgement and justice, in such a tremendous matter'.**

**'We would be among the first to defend a proper use of responsibility, but- Good Heavens! - are we, because an officer is placed in a position of responsibility, to defend him whatever he does? That is what the reasoning comes to, and that is what must be stopped'.**

The newspaper openly described the incident as one of the most brutal in history of British India:

**'We hold that it was an error in policy, that it was not government, but misgovernment, that it was not strength, but weakness, not nerve, but the want of nerve, and that it may yet turn out one of the most fatal acts of our history in India'.**

The newspaper expressed that no argument could justify the heinous act of Cowan:

**'We do not know Mr. Cowan nor anything about him beyond this one act, but the act we do know and it is one that a child may understand and that all reasoning in the world will not make into anything other than it is'.**

**'We believe that our readers have now before them in the narrative that we reprint, about as favourable an account as can be made in the defence of Mr. Cowan's course of action, and we can only say that to our view it is no defence at all'.**

Commenting on the character of Cowan, the newspaper said:

**'We suppose that we shall be by any amount of nonsense about the necessity of not fastening the hands of our officers entrusted with perilous duties, were want of nerve might endanger the empire. But we hold that it is want of nerve that leads to executions of this kind. The man of nerve prepares to face a danger rather than recklessly throw away one life. The man whose nerve is**

**continue page 41.......**

# ਕਾਵਿ-ਕਿਆਰੀ

## ਦਿਨ ਇਹ ਵਿਸਾਖੀ ਦਾ

**ਆਤਮਾ ਸਿੰਘ ਸਨਖਤਰਵੀ**

ਚੇਤ ਬੀਤ ਗਿਆ ਥਾਂ ਸੀਤ ਦੇ ਬਸੰਤ ਆਇਆ, ਫੁਟ ਪਏ ਪਲਾਹ, ਤੂਤ, ਕਿਕਰ, ਤੇ ਟਾਲੀਆਂ।
ਸਭ ਫੁਲਵਾੜੀਆਂ ਕਿਆਰੀਆਂ 'ਚ ਖੇੜਾ ਛਾਇਆ, ਹਸ ਰਹੀਆਂ ਕਲੀਆਂ ਤੇ ਚੜੀਆਂ ਨੇ ਲਾਲੀਆਂ।
ਅੰਬਾਂ ਉਤੇ ਬੂਰ ਆਇਆ, ਆੜੂ, ਅਮਰੂਦ, ਫੁਲੇ, ਫੁਲੀਆਂ ਸਮਾਉਂਦੀਆਂ ਨ ਰੁੱਖਾਂ ਦੀਆਂ ਡਾਲੀਆਂ ।
ਧਰਤੀ ਅਕਾਸ ਤੇ ਪਤਾਲ ਸਭ ਮਉਲ ਉਠੇ ਥਾਂ ਥਾਂ ਤੇ ਦਿਸਨ ਹਰਿਆਲੀਆਂ ਹਰਿਆਲੀਆਂ।

ਮੋਰ ਪੈਲਾਂ ਪਾਂਵਦੇ ਤੇ ਗਾਂਵਦੇ ਬੰਬੀਹੇ ਗੀਤ ਬੁਲਬਲਾਂ ਗਟਾਰਾਂ ਤੇ ਕੋਇਲਾਂ ਵਲੋਂ ਭਾਖੀਦਾ।
ਚਲੋ ਭੈਣਾ ਗਿਧਾ ਪਾਈਏ ਭੌਰੇ ਪਏ ਗੂੰਜਦੇ ਨੇ, ਚਾਵਾਂ ਵਾਲਾ ਆਇਆ ਅਜ ਦਿਨ ਇਹ ਵਿਸਾਖੀ ਦਾ ।

ਕਣਕਾਂ ਨੇ ਸਾੜੀਆਂ ਸੁਨਹਿਰੀ ਰੰਗੀ ਧਾਰੀਆਂ ਜਾਂ ਵੇਖਕੇ ਕਿਸਾਨਾਂ ਨੇ ਸੁਧਾਂ ਹੀ ਵਿਸਾਰੀਆਂ ।
ਨਚ ਉਠੇ ਢੋਲਾਂ ਨਾਲ ਤਾਲ ਮੇਲ ਸੱਦ ਲਾਕੇ ਫਸਲਾਂ ਨੂੰ ਤਕ ਤਕ ਚੜੀਆਂ ਖੁਮਾਰੀਆਂ।
ਕਿਰਤੀਆਂ ਤੇ ਕਾਮਿਆਂ ਦੇ ਘਰਾਂ ਵਿਚ ਚਾ ਚੜੇ, ਕਰਨ ਲਈ ਵਾਢੀ ਖੂਬ ਦਾਤੀਆਂ ਸਵਾਰੀਆਂ ।
ਬੱਚਿਆਂ ਤੇ ਬੁੱਢਿਆਂ ਨੇ ਚਿਟੇ ਦੁੱਧ ਕੱਪੜੇ ਪਾ ਮੇਲੇ ਉਤੇ ਜਾਣ ਦੀਆਂ ਕੀਤੀਆਂ ਤਿਆਰੀਆਂ ।

ਹਰ ਥਾਂ ਤੇ ਘਰ ਬਾਹਰ ਚਾਵਾਂ ਦਾ ਤੂਫਾਨ ਆਇਆ ਸਾਰੀਆਂ ਜਬਾਨਾਂ ਵਿਚੋਂ ਇੰਝ ਹੀ ਹੈ ਆਖੀਦਾ।
ਖੁਸ਼ੀਆਂ ਮਨਾਓ ਅਜ ਵਰੇ ਬਾਦ ਫੇਰ ਆਉਣਾ ਭਾਗਾਂ ਨਾਲ ਜਿਊਂਦਿਆਂ ਨੂੰ ਦਿਨ ਇਹ ਵਿਸਾਖੀ ਦਾ।

ਨਾਨਕ ਦੀ ਸਿਖੀ ਨੂੰ ਨਵੀਂ ਪਿਉਂਦ ਲਾਣ ਲਈ ਸ੍ਰੀ ਦਸਮੇਸ ਪ੍ਰੋਗ੍ਰਾਮ ਸੀ ਬਣਾਇਆ ਜਾਂ ।
ਅਨੰਦਪੁਰ ਵਿਚ ਕੇਸ ਗੜ ਅਸਥਾਨ ਉਤੇ ਲਾਕੇ ਤੰਬੂ ਓਥੇ ਇਕ ਨਾਟਿਕ ਰਚਾਇਆ ਜਾਂ ।
ਹਥ ਸ੍ਰੀ ਸਾਹਿਬ ਲੈ ਸਿਖੀ ਦੀ ਪਰਖ ਹਿਤ ਸਿਰ ਦੀ ਹੈ ਲੋੜ ਗੁਰਾਂ ਹੁਕਮ ਸੁਣਾਇਆ ਜਾਂ ।
ਦਯਾ, ਧਰਮ,ਹਿੰਮਤ,ਤੇ ਮੁਹਕਮ ਸਿੰਘ, ਸਾਹਿਬ, ਨੇ ਤਲੀ ਉਤੇ ਰਖ ਆਣ ਸਿਰਾਂ ਨੂੰ ਵਿਖਾਇਆ ਜਾਂ।

ਸੀਸ ਲਾਹਕੇ ਲਾਏ ਅਤੇ ਸਿੰਘਤ੍ਰਦੀ ਪਿਓਂਦ ਕੀਤੀ, ਸਿਸਟਮ ਚਲਾਇਆ ਨਵਾਂ ਅੰਮ੍ਰਿਤ ਅਭਿਲਾਖੀ ਦਾ।
ਖਾਲਸਾ ਸਜਾਇਆ ਹੈ ਸੀ ਸ੍ਰੀ ਦਸ਼ਮੇਸ ਜਦੋਂ ਸਤਾਰਾਂ ਸੋ ਛਪੰਜਾ ਸੰਮਤ ਦਿਨ ਇਹ ਵਿਸਾਖੀ ਦਾ।

ਸਮੇ ਦੀ ਜਾਂ ਚਾਲ ਨਾਲ ਸ੍ਰੀ ਦਸਮੇਸ਼ ਬਾਦ ਸਿੰਘਾਂ ਦੀਆਂ ਰੀਤਾਂ ਜਦ ਸਿੰਘ ਆਮ ਭੁਲ ਗਏ ।
ਧਰਮ ਕਰਮ ਪਰੀਸ੍ਰਮ ਜੋ ਅਣਖ ਵਾਲੇ ਸਿੱਖਾਂ ਸਰਦਾਰਾਂ ਵਿਚੋਂ ਖਾਕ ਵਿਚ ਰੁਲ ਗਏ ।
ਬਣਕੇ ਗੁਲਾਮ ਗੋਰੇ ਸ਼ਾਹੀ ਦੇ ਜਾਂ ਸਿੰਘ ਸੂਰੇ, ਗੀਦੀਆਂ, ਗਦਾਰਾਂ ਦੇ ਭਾਰ ਨਾਲ ਤੁਲ ਗਏ ।
ਰਾਜ ਭਾਗ ਸਣੇ ਸਿਖੀ ਰਹਿਤ ਦੇ ਅਕਾਸ ਉਤੇ, ਬਦਲ ਗੁਲਾਮੀ ਤੇ ਕੁਰਹਿਤਾਂ ਦੇ ਝੁਲ ਗਏ ।

ਸਿਖ ਵਾਲੀ ਰਹਿਤ ਤੇ ਆਜ਼ਾਦੀ ਨੂੰ ਬਚਾਉਣ ਲਈ, ਗੁਰੂ ਰਾਮ ਸਿੰਘ ਬੀੜਾ ਚਾਇਆ ਆਣ ਰਾਖੀ ਦਾ।
ਭੈਣੀ ਸਾਹਿਬ ਵਿਚ ਸੰਤ ਖਾਲਸਾ ਸਜਾਇਆ ਜਦ ਸੰਮਤ ਉਨੀ ਸੌ ਚੌਦਾਂ, ਦਿਨ ਇਹ ਵਿਸਾਖੀ ਦਾ ।

ਦੇਸ ਦੀ ਆਜ਼ਾਦੀ ਲਈ ਜਿਥੇ ਕੂਕੇ ਗੋਰਿਆਂ ਤੋਂ ਤੋਪਾਂ ਨਾਲ ਉਡੇ ਤੇ ਫਾਂਸੀਆਂ ਤੇ ਚੜੇ ਸਨ ।
ਨੈਸ਼ਨਲ ਕਾਂਗ੍ਰਸ ਦੇ ਲੀਡਰ ਸਦੌਣ ਵਾਲੇ , ਓਥੇ ਅਜੇ ਬਿਲਿਆਂ ਦੀ ਨੀਤੀ ਨਾਲ ਅੜੇ ਸਨ ।
ਪਹਿਲੀ ਵਡੀ ਜੰਗ ਵੇਲੇ ਗੋਰੇ ਦੀ ਹਮਾਇਤ ਵਿਚ ਵਡੇ ਵਡੇ ਨੇਤਾ ਵੀ ਸਹੈਤਾ ਲਈ ਖੜੇ ਸਨ।
ਜੰਗ ਜਿਤ ਲੈਣ ਪਿਛੋਂ, ਮੁਕਰੇ ਅੰਗ੍ਰੇਜ਼ ਜਦ, ਕਾਂਗ੍ਰਸੀ ਨੇਤਾ ਆਏ ਰੋਹ ਵਿਚ ਬੜੇ ਸਨ ।

ਵੇਖਕੇ ਕਾਨੂੰਨ ਕਾਲਾ ਲੀਡਰਾਂ ਪੰਜਾਬ ਦਿਆਂ ਖੂਬ-ਜਾਂ ਵਿਰੋਧ ਕੀਤਾ ਉਸ ਗੁਸਤਾਖੀ ਦਾ ।
ਜਲਿਆਂ ਵਾਲੇ ਬਾਗ ਜਦੋਂ ਡਾਇਰ ਚਲਾਈ ਗੋਲੀ ਸੰਨ ਉਨੀ ਸੌ ਉਨੀ ਦਿਨ ਇਹ ਵਿਸਾਖੀ ਦਾ।

**..........from page 39**

**deficient is the man always ready jut to strike a fallen foe on the least suspicion of danger'.**

Mentioning their horror over the condition of those families whose relatives were murdered in cold-blood by Cowan, the newspaper observed:

**'We are aware that a great many people look upon the lives of men like these as of no account, but if we take that ground we shall sooner or later have to pay for it a bitter penalty'.**

But unfortunately the Sikh priesthood did not either make the above-mentioned observations nor did it or the aristocracy try to obtain a better position for them in the prevailing circumstances. This is primarily because they were not concerned for people or their sentiments or progress, they were concerned only for themselves. The imperial administration was successful in bribing them to the effect observed in General Report on administration in Punjab: 'the priestly classes have every reason to bless their new masters'. The 'every reason' must have included the grant of *jagirs* and other privileges by the imperial Government, which was of utmost importance for the few self-centered people. How all this led to 'imperial confidence' in Jallianwala Bagh will be considered in next article

# ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਇਕ ਸ਼ਰਤ ਤੇ ਤੂੰ ਉਸ ਕੋਲ ਜਾ ਸਕਦੀ ਹੈਂ, ਮੇਰੀ ਬੱਚੀ।"

"ਉਹ ਕੀ ?"

"ਉਹ ਇਹ ਕਿ ਤੂੰ ਜਿਵੇਂ ਵੀ ਕਰ ਸਕੇ ਇਕ ਵਾਰ ਉਸ ਨੂੰ ਮਾਫ਼ੀ ਮੰਗਣ ਲਈ ਰਾਜ਼ੀ ਕਰ ਲਏਂ, ਤਦ ਮੇਰੀ ਤੇਰੇ ਪਿਆਰੇ ਪਾਪਾ ਦੀ ਅਤੇ ਅੰਗਰੇਜ਼ ਕੌਮ ਦੀ ਇੱਜ਼ਤ ਰਹਿ ਆਉਂਦੀ ਹੈ। ਮੈਂ ਇਕਰਾਰ ਦੇਂਦਾ ਹਾਂ ਕਿ ਮੈਂ ਕੇਸ ਵਾਪਸ ਲੈ ਕੇ ਉਸ ਨੂੰ ਇਨਸਪੈਕਟਰ ਦੀ ਥਾਂ ਤੇ ਭਰਤੀ ਕਰ ਲਵਾਂਗਾ, ਸਮਝੀ ?"

"ਨਹੀਂ ਪਾਪਾ ਜੀ! ਇਹ ਮੈਂ ਨਹੀਂ ਕਰ ਸਕਾਂਗੀ। ਸ਼ਾਇਦ ਉਹ ਵੀ ਨਹੀਂ ਕਰ ਸਕੇਗਾ। ਬੀਰ ਮਨੁੱਖ, ਦੇਸ਼ ਪੂਜਕ, ਆਜ਼ਾਦ ਫ਼ਿਜ਼ਾ ਵਿਚ ਲੋਟ ਪਲੋਟੀਆਂ ਲਾਉਣ ਵਾਲੇ ਪੰਛੀ, ਪਿੰਜਰੇ ਦੀ ਕੈਦ ਵਿਚ ਮੋਤੀਆਂ ਦੀ ਚੂਰੀ ਖਾਣ ਨੂੰ ਪਸੰਦ ਨਹੀਂ ਕਰਦੇ। ਉਨ੍ਹਾਂ ਨੂੰ ਜੰਗਲ ਬਲਾਂ ਦੇ ਰੋੜ ਕੰਕਰ ਹੀ ਚੰਗੇ ਲਗਿਆ ਕਰਦੇ ਹਨ। ਉਹ ਵੈਰੀ ਦੀ ਗੁਲਾਮੀ ਤੋਂ ਇਕ ਪਾਸੇ ਰਹੀ ਰਾਜ ਭਾਗ ਨੂੰ ਵੀ ਕੁਝ ਨਹੀਂ ਸਮਝਦੇ, ਉਸ ਕਦ ਇਹ ਗੱਲ ਮੰਨਣੀ ਹੈ, ਜਿਸ ਨਾਲ ਉਸ ਦੀ, ਉਸ ਦੇ ਦੇਸ਼ ਦੀ, ਉਸ ਦੀ ਕੌਮ ਦੀ ਤੌਹੀਨ ਹੋਵੇ। ਉਹ ਤੁਹਾਡੀ ਇਸ ਇਨਸਪੈਕਟਰੀ ਨਾਲੋਂ ਫਾਂਸੀ ਨੂੰ ਹੀ ਤਰਜੀਹ ਦੇਵੇਗਾ।"

"ਤੂੰ ਤਜਰਬਾ ਤੇ ਕਰ ਵੇਖ।"

"ਜੇ ਫਿਹਲ ਹੋ ਗਈ ?"

"ਤਦ ਵੀ ਤਾਜ ਦੀ, ਬ੍ਰਿਟਿਸ਼ ਕੌਮ ਦੀ ਸੇਵਾ ਤਾਂ ਹੋ ਹੀ ਜਾਏਗੀ।"

"ਇਹ ਸੇਵਾ ਕਰਨ ਨੂੰ ਤੁਸੀਂ ਜੁ ਹੋ। ਕੀ ਜੇ ਮੈਂ ਆਖ ਦਿਆਂ ਕਿ ਇਸ ਨੂੰ ਛੱਡ ਦਿਉ। ਛੱਡ ਸਕੋਗੇ ?"

"ਇਹ ਮੇਰੇ ਵੱਸ ਦੀ ਗੱਲ ਨਹੀਂ, ਕਿਉਂਕਿ ਗਵਰਨਰ ਇਸ ਵਿਚ ਇਨਟਰਸਟਿਡ ਹੈ।"

"ਤਦ ਕੀ ਫਾਇਦਾ ?"

"ਅੱਛਾ, ਜਾ ਤਾਂ ਸਹੀ, ਜੋ ਕੁਝ ਤੇਰੇ ਕੋਲੋਂ ਹੋ ਸਕੇ ਕਰਨ ਦਾ ਯਤਨ ਕਰੀ, ਕਿਉਂਕਿ ਬੰਗਾਲੀ ਜੱਜ ਤੋਂ ਤਾਂ ਮੈਂ ਆਪਣੇ ਸਾਥੀ ਰੋਹਬ ਨਾਲ ਫੈਸਲਾ ਲੈ ਲਿਆ, ਪਰ ਹੁਣ ਸੈਸ਼ਨ ਜੱਜ ਦੇ ਪੇਸ਼ ਹੋਣਾ ਹੈ। ਉਹ ਆਈ. ਸੀ. ਐਸ. ਬੜਾ ਰਹਿਮ ਦਿਲ ਤੇ ਇਨਸਾਫ਼ ਪਸੰਦ ਹੈ, ਉਹ ਨਾ ਕਿਸੇ ਦੀ ਸਿਫ਼ਾਰਸ਼ ਮੰਨਦਾ ਹੈ ਅਤੇ ਨਾ ਹੀ ਮੇਰੇ ਜਿਹਾਂ ਤੋਂ ਡਰਦਾ ਹੈ। ਉਹ ਇੰਗਲੈਂਡ ਤੋਂ ਆਇਆ ਸੀ ਅਰ ਅੰਗ੍ਰੇਜ਼ ਹੈ। ਇਸ ਲਈ ਡਰ ਹੈ ਕਿ ਉਹ ਅੜਬੰਗੀ ਨੂੰ ਬਰੀ ਨਾ ਕਰ ਦੇਵੇ। ਇਸ ਵਿਚ ਮੇਰੀ ਪੁੱਜਕੇ ਬੇਇਜਤੀ ਹੈ। ਮੈਂ ਚਾਹੁੰਦਾ ਹਾਂ ਕਿ ਅੜਬੰਗੀ ਇਕ ਵਾਰ ਭਾਵੇਂ ਦੱਬੀ ਜਿਹੀ ਜਬਾਨ ਨਾਲ ਹੀ ਕਹਿ ਦੇਵੇ ਕਿ "ਸਾਹਿਬ ! ਮੈਨੂੰ ਮਾਫ਼ ਕਰ ਦੇ। ਬਸ ਫਿਰ ਮੈਂ ਝਟ ਪਟ ਡੀ.ਸੀ. ਨੂੰ ਆਖ ਕੇ ਕੇਸ ਵਾਪਸ ਲੈ ਕੇ ਉਸ ਨੂੰ ਬਾ-ਇਜ਼ਤ ਬਰੀ ਕਰ ਦਿਆਂਗਾ। ਸਮਝੀ, ਨਹੀਂ ਤਾਂ ਫਾਂਸੀ ਦੇ ਝੂਟੇ ਤਾਂ ਲਵੇਗਾ ਹੀ।"

"ਜਿੰਨਾ ਅਜੇਹੇ ਕੰਮ ਕਰਨੇ ਹੁੰਦੇ ਨੇ, ਉਹ ਫਾਂਸੀਆਂ ਤੇ ਉਮਰ ਕੈਦਾਂ ਤੋਂ ਡਰਦੇ ਨਹੀਂ ਹੁੰਦੇ ਪਾਪਾ ਜੀ, ਫਿਰ ਵੀ ਤੁਹਾਡੇ ਹੁਕਮ ਦੀ ਪਾਲਣਾ ਤੇ ਉਸ ਦੀ ਜ਼ਿੰਦਗੀ ਬਚਾਉਣ ਲਈ ਟਿੱਲ ਲਾ ਵੇਖਾਂਗੀ।"

"ਤਾਂ ਜਾਹ! ਜੇ ਜਰੂਰ ਜਾਹ!! ਪਰ ਇਕ ਗੱਲ ਦਾ ਖਿਆਲ ਰੱਖੀ ਕਿ ਉਸ ਦੇ ਕੇਸ ਸਬੰਧੀ, ਜੋ ਗੱਲਾਂ ਮੈਂ ਹੇਰਾ ਫੇਰੀ ਦੀਆਂ ਘਰ ਵਿਚ ਕਰਦਾ ਰਹਿੰਦਾ ਹਾਂ ਉਸ ਨਾਲ ਉਕਾ ਹੀ ਕੋਈ ਨਾ ਕਰੀਂ। ਮੈਨੂੰ ਡਰ ਹੈ ਕਿ ਜਿਵੇਂ ਤੇਰੀ ਮੰਮੀ ਨੇ ਦਰਬਾਰਾ ਸਿੰਘ ਨੂੰ ਮੇਰੇ ਵਰਜਦਿਆਂ ਵਰਜਦਿਆਂ ਹੀ ਰੰਗੂਨ ਦਾ ਸਾਰਾ ਪਤਾ ਦਸ ਦਿੱਤਾ ਸੀ, ਤੂੰ ਵੀ ਮੇਰੀ ਸਾਰੀ ਮਿਹਨਤ ਤੇ ਪਾਣੀ ਨਾ ਫੇਰ ਆਈਂ। ਤੈਨੂੰ ਪਤਾ ਹੀ ਹੈ ਕਿ ਲੋਇਰ ਕੋਰਟ ਵਿਚ ਮੈਂ ਕਿਵੇਂ ਉਸ ਦਾ ਕੇਸ ਪੁਟ ਕਰਕੇ ਆਪਣੇ ਹੱਕ

ਵਿਚ ਫੈਸਲਾ ਲਿਆ ਹੈ। ਜੇ ਇਸ ਦੀ ਜ਼ਰਾ ਜਿੰਨੀ ਭਿਣਕ ਵੀ ਸੈਸ਼ਨ ਦੇ ਕੰਨੀ ਪੈ ਗਈ, ਉਹ ਸਿਵਲੀਅਨ ਬੜਾ ਬੇਲਿਹਾਜ਼ ਅੰਗ੍ਰੇਜ਼ ਹੈ, ਸਾਫ਼ ਬਰੀ ਕਰ ਦੇਵੇਗਾ। ਇਸਦਾ ਦੁੱਖ ਜਿੰਨਾ ਮੈਨੂੰ ਹੋ ਸਕਦਾ ਹੈ ਉਹ ਹੋਰ ਕੋਈ ਵੀ ਮਹਿਸੂਸ ਨਹੀਂ ਕਰ ਸਕਦਾ। ਮੇਰੀ ਬਦਨਾਮੀ ਹੋਵੇਗੀ ਅਤੇ ਕੂਕਿਆਂ ਦੀ ਚੱੜ੍ਹ ਮਚੇਗੀ। ਅਗੋਂ ਨੂੰ ਭੈਣੀ ਦੀ ਚੌਕੀ ਵਿਚ ਜਾਣ ਤੋਂ ਸਾਰੇ ਪੁਲਸੀਏ ਕੰਨੀ ਕਤਰਾਇਆ ਕਰਨਗੇ।"

"ਅੱਵਲ ਜੇ ਮੇਰੀ ਗੱਲ ਮੰਨਦੀ ਹੈਂ ਤਾਂ ਤੂੰ ਨਾ ਜਾਹ। ਫਿਰ ਇਕੱਲੀ ਤਾਂ ਜਰੂਰ ਹੀ ਨਾ ਜਾਹ। ਜੇ ਮੇਰੇ ਨਾਲ ਨਹੀਂ ਜਾਣਾ ਤਾਂ ਆਪਣੀ ਮੰਮੀ ਨੂੰ ਨਾਲ ਲੈ ਜਾ। ਉਹ ਬੜਾ ਬਦਤਮੀਜ਼ ਹੈ, ਜੇ ਤੈਨੂੰ ਕੁਝ ਭਲਾ ਬੁਰਾ ਕਹਿ ਬੈਠਾ ਤਦ ਸਾਰੇ ਇਖਲਾਕੀ ਕੈਦੀ ਮੇਰਾ ਮਖੌਲ ਉਡਾਉਣਗੇ।"

"ਮੈਨੂੰ ਹੈਰਾਨੀ ਹੈ ਕਿ ਤੁਸੀਂ ਅੰਗਰੇਜ਼ ਹੋ ਕੇ ਇਨ੍ਹਾਂ ਗੁਲਾਮਾਂ ਤੋਂ ਇੰਞ ਕਿਉਂ ਡਰ ਰਹੇ ਹੋ! ਕੀ ਮੈਂ ਅੰਗਰੇਜ਼ ਬੱਚੀ ਨਹੀਂ ? ਉਹ ਤਾਂ ਤੁਹਾਡੇ ਦੱਸਣ ਤੇ ਫਿਰ ਵੀ ਬੀਰ ਪੁਰਸ਼ ਹੈ, ਭੈੜੇ ਤੋਂ ਭੈੜਾ ਹਿੰਦੁਸਤਾਨੀ ਵੀ ਕਿਸੇ ਕੁੜੀ ਦੀ ਬੇਇਜ਼ਤੀ ਨਹੀਂ ਕਰ ਸਕਦਾ। ਘਰ ਆਏ ਨੂੰ ਤੇ ਇਹ ਅੰਮੀ ਜਾਇਆ ਭਾਵ ਸਕਾ ਭੈਣ ਭਰਾ ਸਮਝ ਕੇ ਸਤਿਕਾਰਦੇ ਹਨ। ਜੇ ਇਹ ਗੱਲ ਨਾ ਹੁੰਦੀ ਤਦ ਤੁਸੀਂ ਇਕੱਲੇ ਇਸ ਦੇ ਜੰਗਲ ਵਿਚ ਕਾਬੂ ਆਏ ਬਚ ਕੇ ਨਹੀਂ ਸੀ ਆ ਸਕਦੇ।

ਫਿਰ ਮੈਂ ਉਸ ਕੁੜੀ ਨਾਲੋਂ ਵੀ ਗਈ ਗੁਜਰੀ ਹਾਂ ਜਿਸ ਨੇ ਤੁਹਾਡੇ ਖੰਡੇ ਨੂੰ ਨੱਕ ਚਣੇ ਚਬਾਏ ਸਨ। ਮੈਂ ਕੋਈ ਦੁਧ ਚੁੰਘਦੀ ਬੱਚੀ ਤਾਂ ਨਹੀਂ ਕਿ ਉਸ ਦੀਆਂ ਗੱਲਾਂ ਵਿਚ ਆ ਕੇ ਆਪਣੇ ਪਿਆਰੇ ਪਾਪਾ ਦੇ ਖਿਲਾਫ਼ ਗੱਲ ਕਰਾਂਗੀ, ਤੁਸੀਂ ਤਸੱਲੀ ਰੱਖੋ। ਜੇ ਉਹ ਮੰਮੀ ਦੇ ਉਪਕਾਰ ਨੂੰ ਮਹਿਸੂਸ ਦਾ ਤੁਹਾਡੇ ਜਿਹੇ ਵੈਰੀ ਦੀ ਜਾਨ ਬਖਸ਼ ਸਕਦਾ ਹੈ ਤਦ ਉਹ ਮੈਨੂੰ ਸਿਰ ਤੇ ਚੁਕੇਗਾ ਤੇ ਅੱਖੀਆਂ ਤੇ ਬੈਠਾਏਗਾ।"

"ਚੰਗਾ ਜਾਹ! ਪਰ ਸੁਪ੍ਰਡੈਂਟ ਨੂੰ ਨਾਲ ਲੈ ਕੇ ਜਾਈਂ। ਉਸ ਅੜਬੰਗੀ ਅਵੈੜੇ ਨੇ ਤੈਨੂੰ ਦਫ਼ਤਰ ਵਿਚ ਤੇ ਆ ਕੇ ਮਿਲਣਾ ਹੀ ਨਹੀਂ, ਉਸ ਦੀ ਕੋਠੀ ਅਗੇ ਚਲੀ ਜਾਈ ਅਤੇ ਮੂਡ ਵੇਖ ਲਈਂ। ਚੰਗੇ ਮੂਡ ਵਿਚ ਹੋਇਆ, ਕੋਈ ਗੱਲ ਕਰ ਲਈਂ, ਨਹੀਂ ਤਾਂ ਵੇਖ ਕੇ ਝਟ ਵਾਪਸ ਪਰਤ ਆਈਂ। ਅੱਵਲ ਤਾਂ ਤੈਨੂੰ ਐਵੇਂ ਚਾਉ ਹੀ ਹੈ, ਤੂੰ ਉਸ ਕੋਲ ਆਪ ਹੀ ਨਹੀਂ ਖਲੋ ਸਕਣਾ ਕਿਉਂਕਿ ਉਹ ਪਾਗਲ ਹਰ ਕਿਸੇ ਨਾਲ ਬਹੁਤ ਬਦਤਮੀਜ਼ੀ ਨਾਲ ਪੇਸ਼ ਆਉਂਦਾ ਹੈ। ਇਕ ਗੱਲ ਦਾ ਹੋਰ ਵੀ ਤੈਨੂੰ ਖਾਸ ਖਿਆਲ ਰੱਖਣਾ ਪਏਗਾ, ਉਹ ਇਹ ਕਿ ਕਿਸੇ ਇਖਲਾਕੀ ਕੈਦੀ ਨਾਲ ਕੋਈ ਗੱਲ ਨਾ ਕਰੀਂ। ਮੈਂ ਅੱਜ ਕਲ੍ਹ ਕਈ ਨਾਮੀ ਡਾਕੂ ਫੜ ਕੇ ਕਾਬੂ ਕੀਤੇ ਹਨ, ਉਨ੍ਹਾਂ ਵਿਚੋਂ ਕਿਸੇ ਵੀ ਕੋਲ ਨਾ ਖਲੋਈਂ। ਉਹ ਇਸ ਨਾਲੋਂ ਵੀ ਪਾਜੀ ਹਨ।

ਸਿਵਾਇ ਅੜਬੰਗੀ ਨੂੰ ਵੇਖਣ ਦੇ ਹੋਰ ਮੇਰੀ ਕੋਈ ਵੀ ਦਿਲਚਸਪੀ ਨਹੀਂ।

ਉਸ ਨੂੰ ਤਕ ਕੇ ਮੁੜ ਆਵਾਂਗੀ। ਦੁਸ਼ਮਨ ਉਨ੍ਹਾਂ ਦੇ ਤੁਸੀਂ ਹੋਵੋਗੇ, ਮੇਰਾ ਕਿਸੇ ਨਾਲ ਕੀ ਵਾਸਤਾ। ਮੈਂ ਇਸ ਲਈ ਵੀ ਜਿਹਲ ਵੇਖਣੀ ਚਾਹੁੰਦੀ ਹਾਂ ਕਿ ਮੈਂ ਇਕ ਕਹਾਣੀ ਲਿਖਣੀ ਹੈ, ਜਿਸ ਦੇ ਪਾਤਰ ਭਾਰਤੀ ਜਿਹਲ ਦੇ ਕੈਦੀ ਹਨ। ਮੈਨੂੰ ਕਿਸੇ ਕੀ ਆਖਣਾ ਹੋਇਆ ?

"ਮੈਂ ਤਾਂ ਫਿਰ ਵੀ ਇਹੀ ਕਹਾਂਗਾ ਕਿ ਤੂੰ ਨਾ ਜਾਹ, ਜੇ ਜਿਹਲ ਵੇਖਣੀ ਹੈ ਤਾਂ ਚਲ ਮੈਂ ਵਿਖਾ ਲਿਆਉਂਦਾ ਹਾਂ, ਪਤਾ ਨਹੀਂ ਤੈਨੂੰ ਇਕੱਲਿਆਂ ਜਾਣ ਦੇਣ ਤੋਂ ਮੇਰੇ ਦਿਲ ਨੂੰ ਕਿਉਂ ਕੁਝ ਕੁਝ ਹੋ ਰਿਹਾ ਹੈ।"

ਤੁਸੀਂ ਬੇਫਿਕਰ ਰਹੋ ਪਾਪਾ ਜੀ! ਮੈਂ ਹੁਣੇ ਆਈ ਕਿ ਆਈ। ਇਹ ਆਖ ਸੋਫੀਆ ਜਿਹਲ ਨੂੰ ਤੁਰ ਗਈ।

ਚੱਲਦਾ......................

**ਬਾਜ਼ਾਰ ਦਾ ਭੋਜਨ**
**ਨਾ ਸ਼ੁੱਧ ਹੁੰਦਾ ਹੈ**
**ਨਾ ਮਰਿਯਾਦਾ ਵਿੱਚ**
**ਆਉਂਦਾ ਹੈ ਫਿਰ**
**ਕਿਉਂ ਖਾਧਾ ਜਾਏ?**

# ਸੁੱਚੇ ਮੋਤੀ

ਬਹੁਤੇ ਧਰਮ ਨਿਰਾਸ਼ਾਵਾਦੀ ਹਨ। ਇਸਲਾਮ ਤਾਂ ਹੈ ਹੀ ਸੋਗ ਦਾ ਧਰਮ, ਇਸਲਾਮ ਦੀਆਂ ਸਾਰੀਆਂ ਪ੍ਰਸਿੱਧ ਇਮਾਰਤਾਂ ਮਕਬਰੇ ਹਨ। ਭਾਰਤ ਦੇ ਧਰਮ, ਤਿਉਹਾਰ ਅਤੇ ਫ਼ਲਸਫ਼ੇ ਆਸ਼ਾਵਾਦੀ ਹਨ ਅਤੇ ਜਸ਼ਨ ਹਨ। ਇੱਥੇ ਸ਼ਹੀਦੀਆਂ ਵੀ ਅਤੇ ਬਲੀਦਾਨ ਵੀ, ਬਨਵਾਸ ਵੀ, ਤੱਤੀਆਂ ਤਵੀਆਂ ਵੀ, ਚਾਂਦਨੀ ਚੌਂਕ ਵੀ, ਸਰਹਿੰਦ ਦੀਆਂ ਨੀਹਾਂ ਵੀ, ਚਮਕੌਰ ਦੀਆਂ ਗੜੀਆਂ ਵੀ, ਫਾਂਸੀ ਦੇ ਤਖ਼ਤੇ ਵੀ, ਸੋਗ ਨਹੀਂ, ਉਤਸ਼ਾਹ ਨਾਲ ਯਾਦ ਕੀਤੇ ਜਾਂਦੇ ਹਨ, ਛਬੀਲਾਂ ਲਾਈਆਂ ਜਾਂਦੀਆਂ ਹਨ, ਲੰਗਰ ਵਰਤਾਏ ਜਾਂਦੇ ਹਨ, ਗਲਵੱਕੜੀਆਂ ਪਾਈਆਂ ਜਾਂਦੀਆਂ ਹਨ, ਜੈਕਾਰੇ ਗੁੰਜਾਏ ਜਾਂਦੇ ਹਨ।

**–ਨਰਿੰਦਰ ਸਿੰਘ ਕਪੂਰ**

ਜੇ ਕੋਈ ਵਿਗਿਆਨੀ ਕਿਸੇ ਵਿਗਿਆਨਕ ਘਾੜਤ ਜਾਂ ਸਿਧਾਂਤ ਲਈ ਪ੍ਰਸਿੱਧ ਹੋ ਜਾਵੇ ਅਤੇ ਅਗਲੇਰੀ ਖੋਜ ਵਿਚ ਕਿਸੇ ਪਰਖ ਰਾਹੀਂ ਜਾਣ ਜਾਵੇ ਕਿ ਉਸ ਦੇ ਸਿਧਾਂਤ ਵਿਚ ਦੋਸ਼ ਜਾਂ ਨੁਕਸ ਹੈ ਤਾਂ ਇਸ ਬਾਰੇ ਉਹ ਆਪ ਦੱਸਦਾ ਹੈ, ਜਿਸ ਕਾਰਨ ਉਸ ਦੀ ਪ੍ਰਸੰਸਾ ਹੁੰਦੀ ਹੈ। ਜੇ ਉਹ ਨਹੀਂ ਦੱਸਦਾ ਤਾਂ ਕੋਈ ਹੋਰ ਦਸ ਦੇਵੇਗਾ, ਨਿੰਦਾ ਹੋਵੇਗੀ। ਵਿਗਿਆਨ ਵਿੱਚ ਗਲਤ ਉੱਤਰ ਦੇਣ ਨਾਲੋਂ ਇਹ ਕਹਿਣਾ ਵਧੇਰੇ ਸਨਮਾਨ ਯੋਗ ਹੁੰਦਾ ਹੈ ਕਿ ਮੈਨੂੰ ਪਤਾ ਨਹੀਂ, ਕਿਉਂਕਿ ਗਲਤ ਉੱਤਰ ਨੇ ਗਲਤ ਸਾਬਤ ਹੋ ਹੀ ਜਾਣਾ ਹੁੰਦਾ ਹੈ। ਇਵੇਂ ਹੋਣਾ-ਕਰਨਾ ਵਿਗਿਆਨੀ ਅਤੇ ਵਿਗਿਆਨ ਦੀ ਸ਼ਕਤੀ ਹੈ। ਪਰ ਧਰਮ ਗ੍ਰੰਥ, ਕਿਸੇ ਸੋਧ ਨੂੰ ਪ੍ਰਵਾਨ ਨਹੀਂ ਕਰਦੇ।

**–ਨਰਿੰਦਰ ਸਿੰਘ ਕਪੂਰ**

# ਬੱਚਿਆਂ ਦਾ ਪੰਨਾ

## ਭਾਈ ਰਾਏ ਸਿੰਘ

ਭਾਈ ਰਾਇ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਬਹੁਤ ਪਿਆਰਾ ਅਤੇ ਸ਼ਰਧਾਵਾਨ ਸਿੱਖ ਸੀ । ਉਹ ਸਤਿਗੁਰੂ ਜੀ ਦਾ ਹਰ ਹੁਕਮ ਮੰਨਣ ਲਈ ਤਿਆਰ ਰਹਿੰਦਾ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਸੰਭਾਲ ਲਈ ਹਜੂਰ ਸਾਹਿਬ ਤੋਂ ਮਰਿਆਦਾ ਲਿਆਉਣ ਲਈ ਰਾਇ ਸਿੰਘ ਨੂੰ ਹੁਕਮ ਕੀਤਾ ।

ਭਾਈ ਰਾਇ ਸਿੰਘ ਜੀ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭੈਣੀ ਸਾਹਿਬ ਤੋਂ ਪੈਦਲ ਯਾਤਰਾ ਆਰੰਭ ਕੀਤੀ ।ਰਸਤੇ ਦੇ ਵਿੱਚ ਉਹਨਾਂ ਨੂੰ ਇਕ ਸਾਥੀ ਮਿਲਿਆ ਜੋ ਉਹਨਾਂ ਦੇ ਨਾਲ ਹੀ ਤੁਰ ਪਿਆ । ਅਸਲ ਵਿੱਚ ਉਹ ਇੱਕ ਠੱਗ ਸੀ ਤੇ ਭਾਈ ਰਾਇ ਸਿੰਘ ਨੂੰ ਮੌਕਾ ਮਿਲਣ ਤੇ ਲੁੱਟਣਾ ਚਾਹੁੰਦਾ ਸੀ ।

ਜੰਗਲ ਵਿਚ ਤੁਰਦਿਆਂ ਤੁਰਦਿਆਂ ਰਾਤ ਹੋ ਗਈ, ਰੁੱਖ ਥੱਲੇ ਅਰਾਮ ਕਰਨ ਲੱਗੇ। ਭਾਇ ਰਾਇ ਸਿੰਘ ਨਾਮ ਸਿਮਰਨ ਦਾ ਬਹੁਤ ਅਭਿਆਸੀ ਸੀ ।ਪਹਿਲਾਂ ਉਸਨੇ ਆਸਣ ਵਿਛਾਇਆ, ਨਾਮ ਸਿਮਰਨ ਕਰਕੇ ਅਰਦਾਸ ਕੀਤੀ ਅਤੇ ਫਿਰ ਉਸਨੂੰ ਨੀਂਦ ਆ ਗਈ ।

ਕੁਝ ਦੇਰ ਬਾਅਦ ਸ਼ੇਰ ਦੇ ਦਹਾੜਨ ਦੀ ਆਵਾਜ਼ ਨਾਲ ਰਾਇ ਸਿੰਘ ਦੀ ਨੀਂਦ ਖੁੱਲ੍ਹ ਗਈ। ਉਸਨੇ ਦੇਖਿਆ ਕਿ ਸ਼ੇਰ ਨੇ ਇੱਕ ਝਪਟੇ ਨਾਲ ਹੀ ਉਸਦੇ ਸਾਥੀ ਨੂੰ ਮਾਰ ਦਿੱਤਾ ਹੈ। ਉਹ ਡਰਿਆ ਨਹੀਂ, ਸਗੋਂ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਹੱਥ ਜੋੜ ਕੇ ਆਪਣੇ ਬਚਾਅ ਲਈ ਅਰਦਾਸ ਕੀਤੀ ।

ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੱਖ ਦੀ ਪੁਕਾਰ ਸੁਣ ਕੇ ਓਸੇ ਵੇਲੇ ਆਪਣੀ ਘੋੜੀ ਤੇ ਸਵਾਰ ਹੋ ਕੇ ਪ੍ਰਗਟ ਹੋਏ ਅਤੇ ਆਪਣੇ ਸਿੱਖ ਦੀ ਸ਼ੇਰ ਤੋਂ ਰੱਖਿਆ ਕੀਤੀ ।

ਭਾਈ ਰਾਇ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋਇਆ ।

ਹਜ਼ੂਰ ਸਾਹਿਬ ਤੋਂ ਮਰਿਆਦਾ ਲਿਆ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪੀ ਅਤੇ ਉਹਨਾਂ ਦਾ ਹੁਕਮ ਪੂਰਾ ਕੀਤਾ ।

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਤ੍ਰਿਬੇਣੀ ਪੁਰਬ "ਹੋਲਾ ਮਹੱਲਾ"

ਨਾਮਧਾਰੀ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ 21 ਮਾਰਚ 2019 ਤੋਂ 24 ਮਾਰਚ ਤਕ ਮਨਾਇਆ ਗਿਆ। ਜਿਸ ਵਿਚ ਦੂਰ ਦਰਾਡੇ ਤੋਂ ਆ ਕੇ ਸੰਗਤਾਂ ਨੇ ਹਾਜਰੀ ਭਰੀ। ਚਾਰੇ ਦਿਨ ਸੰਗਤਾਂ ਦਾ ਭਰਪੂਰ ਇਕੱਠ ਰਿਹਾ। ਜਥੇਦਾਰਾਂ ਨੇ ਹੱਲੇ ਦੇ ਦੀਵਾਨ, ਕਵੀ ਦਰਬਾਰ, ਕਥਾ ਕੀਰਤਨ ਕਰਕੇ ਸੰਗਤਾਂ ਨੂੰ ਪ੍ਰੇਮ ਦੇ ਸਾਗਰ ਵਿਚ ਡੁਬੋਈ ਰੱਖਿਆ। ਸਾਧ ਸੰਗਤ ਨੇ ਲੰਗਰ ਵਿਚ ਸੇਵਾ ਕਰਕੇ ਆਪਣੇ ਜੀਵਨ ਨੂੰ ਸਫਲ ਬਣਾਇਆ। ਜੀਵਨ ਦਾ ਅਸਲੀ ਮਨੋਰਥ ਇਹੀ ਹੁੰਦਾ ਹੈ, ਸਤਿਗੁਰੂ ਦੇ ਦਰਸ਼ਨ, ਨਾਮ ਸਿਮਰਨ ਤੇ ਸੇਵਾ। ਸਤਿਗੁਰੂ ਦੀ ਬਖਸ਼ਿਸ਼ ਨਾਲ ਇਨ੍ਹਾਂ ਹੋਲੇ ਮੇਲਿਆਂ ਦੀ ਸੇਵਾ ਅੱਜ ਇਕੱਲਾ ਇਕੱਲਾ ਸਿੱਖ ਕਰਵਾ ਰਿਹਾ ਹੈ। ਇਸ ਹੋਲੇ ਮਹੱਲੇ ਦੀ ਸੇਵਾ ਸ੍ਰੀ ਸਤਿਗੁਰੂ ਜੀ ਨੇ ਕਨੇਡਾ ਤੋਂ ਸੂਬਾ ਰੇਸ਼ਮ ਸਿੰਘ ਜੀ ਨੂੰ ਬਖਸ਼ੀ। ਜਿਨ੍ਹਾਂ ਨੇ ਸਮੇਤ ਪਰਿਵਾਰ ਆ ਕੇ ਹੋਲੇ ਮਹੱਲੇ ਤੇ ਤਨ, ਮਨ ਤੇ ਧੰਨ ਨਾਲ ਅਥਾਹ ਸੇਵਾ ਕੀਤੀ। ਉਨ੍ਹਾਂ ਨੇ ਸੇਵਾ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

**ਹੋਲੇ ਮਹੱਲੇ ਦਾ ਪਹਿਲੇ ਦਿਨ–** 21 ਮਾਰਚ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਕੀਤਾ। ਅੱਜ ਦਾ ਪ੍ਰੋਗਰਾਮ ਸਾਰਾ ਸਿਮ੍ਰਤੀ ਮੰਦਰ ਵਿਚ ਹੀ ਕੀਤਾ ਗਿਆ। ਕੀਰਤਨ ਸਮਾਪਤੀ ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਦਿਨ ਵੇਲੇ ਦੇ ਦੀਵਾਨਾਂ ਬਾਰੇ ਦੱਸਿਆ।

**ਸੰਤ ਹਰਪਾਲ ਸਿੰਘ ਸੇਵਕ** ਨੇ ਦੱਸਿਆ ਕਿ ਹੋਲੇ ਮਹੱਲੇ ਦਾ ਇਹ ਪੁਰਬ ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ, ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦਾ ਦਿਨ ਸ਼ਾਮਲ ਕਰਕੇ ਤ੍ਰਿਬੇਣੀ ਪੁਰਬ ਬਣਾ ਦਿੱਤਾ। ਉਨ੍ਹਾਂ ਦੱਸਿਆ ਕਿ 1756 ਬਿ: ਨੂੰ ਹੋਲਗੜ੍ਹ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਨਾਇਆ। ਇਥੇ ਹੋਲੇ ਦੀ ਸ਼ੁਰੂਆਤ ਹੋਈ। ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਹੋਲੇ ਨੂੰ ਉਸੇ ਜਾਹੋ ਜਲਾਲ ਨਾਲ ਸ਼ੁਰੂ ਕੀਤਾ। ਉਨ੍ਹਾਂ ਦੀ ਕਿਰਪਾ ਨਾਲ ਹੋਲੇ ਮਹੱਲੇ ਵਿਚ ਹੱਲੇ ਦੀ ਪਰੰਪਰਾ ਸ਼ੁਰੂ ਹੋਈ। ਸਤਿਗੁਰੂ ਹਰੀ ਸਿੰਘ ਜੀ ਨੇ 7 ਹੋਲੇ ਕੀਤੇ। ਉਸ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਲਗਾਤਾਰ ਹੋਲੇ ਮਨਾਏ। ਸੇਵਾ ਸਿਮਰਨ ਤੇ ਸਫਲ ਦਰਸ਼ਨ ਤ੍ਰਿਬੇਣੀ ਨਾਲ ਅਸੀ ਆਪਣਾ ਜਨਮ ਸਫਲਾ ਕਰ ਸਕਦੇ ਹਾਂ। ਅਜ ਵਾਰ ਦੀ ਸਮਾਪਤੀ ਤੋਂ ਬਾਅਦ ਪ੍ਰਤਾਪ ਮੰਦਰ ਵਿਚ ਠੀਕ 9 ਵਜੇ ਹੱਲੇ ਦੇ ਦੀਵਾਨਾਂ ਦੀ ਆਰੰਭਤਾ ਹੋਈ। ਹੱਲੇ ਦੇ ਦੀਵਾਨ ਜ: ਰਾਜਾ ਸਿੰਘ ਦਿੱਲੀ, ਜ:ਸਵਰਨ ਸਿੰਘ ਦਿੱਲੀ, ਗੁਰਭਗਤ ਸਿੰਘ ਸ੍ਰੀ ਭੈਣੀ ਸਾਹਿਬ ਨੇ ਸਜਾਏ। ਫਿਰ ਕਵੀਸ਼ਰ ਗੁਰਸੇਵਕ ਸਿੰਘ ਦੇ ਜਥੇ ਨੇ ਕਵੀਸ਼ਰੀ ਕੀਤੀ ਉਪਰੰਤ ਸੰਤ ਭਜਨ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕਥਾ ਰਾਹੀਂ ਸਤਿਗੁਰੂ ਬਾਲਕ ਸਿੰਘ ਜੀ ਦੀ ਜੀਵਨੀ ਅਤੇ ਸਿਖਾਂ ਤੇ ਕੀਤੇ ਪਰਉਪਕਾਰਾਂ ਦਾ ਸੰਖੇਪ ਰੂਪ ਵਿਚ ਵਰਣਨ ਕਰਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਇਸ ਕਥਾ ਦੌਰਾਨ ਹੀ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਨਿਤਨੇਮ ਦੀ ਅਰਦਾਸ ਠੀਕ 2 ਵਜੇ ਕੀਤੀ ਗਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਟੇਪ ਪਵਿੱਤਰ ਉਪਦੇਸ਼ ਸਰਵਣ ਕੀਤਾ ਗਿਆ। ਸਾਰੀ ਸੰਗਤ ਨੇ ਵਾਰੋ ਵਾਰੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਚ ਨਮਸਕਾਰ ਕੀਤੀ। ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਨਾਲ ਕੀਰਤਨ ਗਾਇਨ ਕੀਤਾ। ਸ਼ਾਮ ਨੂੰ ਦੀਵਾਨਾਂ ਦੀ ਅਰੰਭਤਾ 6:30 ਵਜੇ ਹੋਈ। ਜਿਸ ਵਿਚ ਜ: ਬਲਦੇਵ ਸਿੰਘ ਲੁਧਿਆਣਾ, ਜਸਵੰਤ ਸਿੰਘ ਸ੍ਰੀ ਭੈਣੀ ਸਾਹਿਬ, ਸੂਬਾ ਸੰਦੀਪ ਸਿੰਘ ਕਰੀਵਾਲਾ, ਜ: ਗੁਰਮੀਤ ਸਿੰਘ ਫਗਵਾੜਾ ਨੇ ਗੁਰੂ ਕਾ ਹਰਿ ਜੱਸ ਗਾਇਨ ਕੀਤਾ।

**ਹੋਲੇ ਮਹੱਲੇ ਦਾ ਦੂਸਰਾ ਦਿਨ 22-3-2019** ਅੱਜ ਹੋਲੇ ਮਹੱਲੇ ਦਾ ਦੂਸਰਾ ਦਿਨ ਸੀ। ਇਸਦੇ ਨਾਲ ਹੀ ਸੰਗਤਾਂ ਦੀ ਆਮਦ ਵੱਧ ਗਈ ਸੀ। ਅੰਮ੍ਰਿਤ ਵੇਲੇ ਆਸਾਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਗਿਆਨ ਸਿੰਘ ਸਰਮੁਖ ਸਿੰਘ, ਸ਼ਾਮ ਸਿੰਘ, ਮਾ: ਦਰਸ਼ਨ ਸਿੰਘ, ਬਿਧੀ ਸਿੰਘ, ਗੁਰਪ੍ਰਤਾਪ ਸਿੰਘ, ਲਖਵਿੰਦਰ ਸਿੰਘ, ਸਵਿੰਦਰ ਸਿੰਘ ਤੇ ਸਾਥੀ ਸਿੰਘਾਂ ਨੇ ਵਾਰੇ ਦੇ ਰੂਪ ਵਿਚ ਗਾਇਨ ਕੀਤਾ। ਚੰਡੀ ਦੀ ਵਾਰ ਦਾ ਪਾਠ ਸ੍ਰੀ ਸਤਿਗੁਰੂ ਜੀ ਅਤੇ ਸਾਧ ਸੰਗਤ ਨੇ ਸੂਰਜ ਦੀ ਚੜ੍ਹਦੀ ਟਿੱਕੀ ਦੇ ਹਿਸਾਬ ਨਾਲ ਕਰਕੇ ਸਮਾਪਤੀ ਕੀਤੀ। ਜ: ਉਪਰੰਤ ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਆਪਣੇ ਸਮੇਂ ਵਿਚ ਉਨ੍ਹਾਂ ਨੇ ਨਾਮ ਦੀ ਮਹਿਮਾ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਨਾਮ ਜਪਣਾ ਚਾਹੀਦਾ ਹੈ। ਨਾਮ ਜਪਦਿਆਂ-ਜਪਦਿਆਂ ਮਨ ਦੀ ਅਵਸਥਾ ਇਕ ਹੋ ਜਾਂਦੀ ਹੈ। ਇਹ ਨਾਮ ਪੂਰੇ ਸਤਿਗੁਰੂ ਤੋਂ ਹੀ ਮਿਲਦਾ ਹੈ ਤਾਂ ਹੀ ਮਨੁੱਖਾ ਜਨਮ ਸਫਲ ਹੁੰਦਾ ਹੈ। ਇਸਦੇ ਜਪਣ ਨਾਲ ਮਨੁੱਖ ਜਨਮ-ਮਰਣ ਦੇ ਚੱਕਰ ਵਿਚ ਨਹੀਂ ਪੈਂਦਾ। ਅੰਮ੍ਰਿਤ ਵੇਲੇ ਉੱਠ ਨਾਮ ਜਪਣਾ

ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 40 ਜੁਗ ਤਪ ਕਰਕੇ ਸਾਨੂੰ ਇਹ ਅਨਮੋਲ ਵਸਤੂ ਦਿੱਤੀ ਹੈ। ਜਿਹੜੀ ਸਰਬ ਰੋਗਾਂ ਤੋਂ ਮੁਕਤੀ ਦਵਾਉਂਦੀ ਹੈ। ਨਾਮ ਦਾ ਸਾਡੇ ਜੀਵਨ ਵਿਚ ਬਹੁਤ ਮਹੱਤਵ ਹੈ।

**ਦਿਨ ਦੇ ਦੀਵਾਨ**- ਜ. ਮਨਮੋਹਨ ਸਿੰਘ ਜਮਨਾਨਗਰ, ਜ. ਪ੍ਰੀਤਮ ਸਿੰਘ ਕਿਰਪਾਲ ਪੱਟੀ, ਕਵੀ ਜੋਗਾ ਸਿੰਘ ਭੰਗੂਰ, ਕਵੀ ਮੱਖਣ ਸਿੰਘ ਮੱਲੇਕੇ, ਜ. ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ, ਜ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਅਤੇ ਕਥਾਵਾਚਕ ਸੰਤ ਨਿਸਾਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਕੇ ਹੋਲੇ ਮਹੱਲੇ ਦੀ ਆਰੰਭਤਾ ਕੀਤੀ। ਉਹਨਾਂ ਨੇ ਆਪਣਾ ਸਾਰਾ ਜੀਵਨ ਜੰਗਾਂ ਯੁੱਧਾਂ ਵਿਚ ਹੀ ਬਤੀਤ ਕੀਤਾ। ਗੁਰੂ ਜੀ ਦੇ ਖਾਲਸੇ ਨੇ ਵਿਰੋਧੀਆਂ ਦੇ ਛੱਕੇ ਛੁਡਾ ਦਿਤੇ।

**ਨਿਤਨੇਮ ਤੇ ਕੀਰਤਨ**- ਹਰ ਰੋਜ ਦੀ ਤਰ੍ਹਾਂ ਨਿਤਨੇਮ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ ਸਰਵਣ ਕੀਤਾ ਗਿਆ। ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸਿਆਮ ਸਿੰਘ, ਹਰਵਿੰਦਰ ਸਿੰਘ, ਸ਼ਾਮ ਸਿੰਘ, ਸਰਮੁੱਖ ਸਿੰਘ, ਪਵਿੱਤਰ ਸਿੰਘ, ਈਸ਼ਰ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਕੀਤਾ। ਸ਼ਬਦ ਸੀ-

"ਹੋਲੀ ਕੀਨੀ ਸੰਤ ਸੇਵ"

**ਸ੍ਰੀ ਸਤਿਗੁਰੂ ਹਰੀ ਸਿੰਘ ਜੀ ਬਸੰਤ ਅੰਕ-** ਸਤਿਜੁਗ ਸਟਾਫ ਵੱਲੋਂ ਇਹ ਅੰਕ ਸ. ਸੁਵਰਨ ਸਿੰਘ ਵਿਰਕ, H.S ਹੰਸਪਾਲ ਜੀ ਅਤੇ ਸੇਵਕ ਹਰਪਾਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ ਅਤੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨੂੰ ਇਸਨੂੰ ਰੀਲੀਜ ਕੀਤਾ।

**ਬੁੱਕਸਟਾਲ-** ਸ੍ਰੀ ਦਸਮ ਗ੍ਰੰਥ ਸਾਹਿਬ ਦੀ ਪਹਿਲੀ ਪੋਥੀ ਅਤੇ ਨਾਮਧਾਰੀ ਨਿਤਨੇਮ ਦਾ ਹਿੰਦੀ ਵਿਚ ਗੁਟਕਾ ਛਪ ਕੇ ਤਿਆਰ ਹੋ ਗਿਆ ਹੈ। ਸੰਤ ਨਿਸ਼ਾਨ ਸਿੰਘ, ਮਾਸਟਰ ਦਰਸ਼ਨ ਸਿੰਘ ਤੇ ਸਾਥੀ ਸਿੰਘਾਂ ਦੀ ਸਖਤ ਮਿਹਨਤ ਨਾਲ ਇਹ ਕਾਰਜ ਸੰਪੂਰਨ ਹੋਇਆ ਹੈ। ਇਹਨਾਂ ਦੋਵਾਂ ਤੋਂ ਇਲਾਵਾ ਨਾਮਧਾਰੀ ਦਰਬਾਰ ਨਾਲ ਸਬੰਧਤ ਹੋਰ ਪੁਸਤਕਾਂ ਇਥੇ ਸਟਾਲ ਸਨ। ਵਰਿਆਮ ਵੀ ਆਪਣੀ ਹਾਜਰੀ ਲੁਆਉਣ ਲਈ ਹਾਜ਼ਰ ਸੀ। ਸ੍ਰੀ ਸਤਿਗੁਰੂ ਜੀ ਨੇ ਇਥੇ ਆਕੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਅਤੇ ਕਿਤਾਬਾ ਬਾਰੇ ਪੁੱਛਿਆ। ਸਤਿਜੁਗ ਅੰਕ ਵੀ ਆਪਣਾ ਨਵਾਂ ਰੂਪ ਲੈ ਕੇ ਸਾਧ ਸੰਗਤ ਵਿਚ ਹਾਜਰ ਸੀ। ਵਿਦਵਾਨਾਂ ਦੇ ਖੋਜ ਭਰਪੂਰ ਲੇਖ ਜਾਣਕਾਰੀ ਹੇਤੂ ਹੁੰਦੇ ਹਨ। ਇਸ ਬੁਕਸਟਾਲ ਦੀ ਸੇਵਾ ਡਾ.ਪੁਸ਼ਪਿੰਦਰ ਸਿੰਘ ਕੂਕਾ ਅਤੇ ਹਾਕਮ ਸਿੰਘਨੇ ਬਾਖੂਬੀ ਨਿਭਾਈ।

**ਰਾਤ ਦੇ ਦੀਵਾਨ-** ਰਾਤ ਨੂੰ ਵਜੀਦ ਦਾ ਜਥਾ, ਸੂਬਾ ਮੋਹਕਮ ਸਿੰਘ ਸ੍ਰੀ ਭੈਣੀ ਸਾਹਿਬ, ਸੂਬਾ ਸੁਰਿੰਦਰ ਸਿੰਘ M.P ਗੁਣਾ, ਕਵੀਸ਼ਰ ਗੁਰਲਾਲ ਸਿੰਘ, ਗੁਰਭਗਤ ਸਿੰਘ ਅਤੇ ਰਣਜੀਤ ਸਿੰਘ ਨੇ ਗੁਰੂ ਜਾ ਜਸ ਸੁਣਾਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**ਕਵੀ ਦਰਬਾਰ-** ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਨਾਮਧਾਰੀ ਹੋਲੇ ਮਹੱਲੇ ਦਾ ਪੁਰਬ ਮਨਾਇਆ ਗਿਆ। ਅੱਜ ਦੇ ਕਵੀ ਦਰਬਾਰ ਵਿਚ ਸਤਿਗੁਰੂ ਹਰੀ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਣਨ ਕੀਤਾ ਗਿਆ। ਅੱਜ ਦੇ ਕਵੀ ਦਰਬਾਰ ਦੀ ਪ੍ਰਧਾਨਗੀ ਸੂਬਾ ਰੇਸ਼ਮ ਸਿੰਘ, ਰਤਨ ਸਿੰਘ, ਗੁਰਮੁਖ ਸਿੰਘ (ਦੋਨੋ ਸਪੁੱਤਰ) ਜੀਤ ਸਿੰਘ ਲਾਇਲ, ਦਵਿੰਦਰ ਸਿੰਘ, ਗੁਰਦੀਪ ਸਿੰਘ ਕਨੇਡਾ ਨੇ ਕੀਤੀ। ਕਵੀ ਦਰਬਾਰ ਵਿਚ ਕਵੀਆਂ ਨੇ ਆਪਣੀ ਕਵਿਤਾਵਾਂ ਪੇਸ਼ ਕੀਤੀਆਂ। ਕਵੀ ਸੁਲੱਖਣ ਸਿੰਘ, ਤਰਨ ਸਿੰਘ ਬੱਲ, ਬਲਵੰਤ ਸਿੰਘ, ਸੂਬਾ ਸੁਰਿੰਦਰ ਕੌਰ ਖਰਲ, ਗੁਰਸੇਵਕ ਸਿੰਘ ਢਿਲੋਂ, ਬਲਦੇਵ ਸਿੰਘ ਵੜੈਚ, ਮਾਸਟਰ ਅਮਰੀਕ ਸਿੰਘ, ਸਵਿੰਦਰ ਸਿੰਘ, ਸੁਖਦੇਵ ਸਿੰਘ ਚੁੰਨੀ, ਅਸਪਾਲ ਸਿੰਘ, ਜੋਗਿੰਦਰ ਸਿੰਘ ਕੰਗ, ਜਰਨੈਲ ਸਿੰਘ, ਆਸਾ ਸਿੰਘ, ਪਿਆਰਾ ਸਿੰਘ, ਪਰਮਜੀਤ ਸਿਮਘ ਰਾਏ, ਗੁਰਜੋਬਨ ਸਿੰਘ, ਸੰਤ ਕੌਰ, ਵਿਕੀ ਰਾਏ, ਅਜੀਤ ਸਿੰਘ, ਸਤਨਾਮ ਸਿੰਘ ਕੋਮਲ, ਬਲਰਾਜ ਸਿੰਘ, ਫਕੀਰ ਚੰਦ ਤੁਲੀ, ਰਜਿੰਦਰ ਕੌਰ ਪੰਨੂ, ਹਰਪਾਲ ਸਿੰਘ ਦਿੱਲੀ ਆਦਿ।

**ਹੋਲੇ ਮਹੱਲੇ ਦਾ ਤੀਜਾ ਦਿਨ (23-3-2019)-** ਅੱਜ ਦੀ ਵਾਰ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਈਸ਼ਰ ਸਿੰਘ, ਸ਼ਾਮ ਸਿੰਘ, ਸਰਮੁਖ ਸਿੰਘ, ਗਿਆਨ ਸਿੰਘ, ਹਰਵਿੰਦਰ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਗਾਇਨ ਕੀਤੀ। ਸ੍ਰੀ ਸਤਿਗੁਰੂ ਜੀ ਨੇ 4 ਵਜੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਵਾਰ ਦੀ ਸਮਾਪਤੀ ਤੋਂ ਬਾਦ ਸ. ਸੁਵਰਨ ਸਿੰਘ ਵਿਰਕ ਨੇ ਦਸਿਆ, ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਇਹ 7 ਵਾਂ ਹੋਲਾ ਮਨਾਇਆ ਜਾ ਰਿਹਾ ਹੈ। ਪਿਛਲੇ ਸਮੇਂ ਵਿੱਚ ਸਵਾ-ਸਵਾ ਲੱਖ ਪਾਠਾਂ ਦੀ ਲੜੀਆਂ ਚਲਾਈਆਂ। ਸਤਿਗੁਰੂ ਪ੍ਰਤਾਪ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦਾ ਕਾਫੀ ਫਰਕ ਹੈ ਹਰ ਸਤਿਗੁਰੂ ਆਪਣੇ ਢੰਗ ਨਾਲ ਕਾਰਜ ਕਰਦਾ ਹੈ। ਸਾਡਾ ਸਾਰਾ ਚੋਗਿਰਦਾ ਵਧੀਆ ਬਣਿਆ ਹੋਇਆ ਹੈ। ਸੰਨ 1947 ਦੀ ਗਲ ਕਰਦਿਆ ਕਿਹਾ ਕਾਮਰੇਡ ਸੋਹਨ ਸਿੰਘ ਜੋਸ ਨੇ ਲਿਖਿਆ, ਜਦੋਂ ਲੋਕ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਸਨ ਉਦੋਂ ਨਾਮਧਾਰੀ ਪੰਥ ਆਪਣੇ ਈਮਾਨ ਧਰਮ ਤੇ ਖਲੋਤਾ ਰਿਹਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾ ਹੁੰਦੇ ਤਾਂ ਬੇਟ ਦੇ ਇਲਾਕੇ ਦਾ ਇਕ ਵੀ ਮੁਸਲਮਾਨ ਬਚ ਕੇ ਨਹੀਂ ਜਾ ਸਕਦਾ ਸੀ। ਉਹਨਾਂ ਜੀਵਨ ਨਗਰ ਆਬਾਦ ਕੀਤਾ। ਸਾਡੇ ਨਾਮਧਾਰੀ ਪੰਥ ਤੇ ਅਪਾਰ ਬਖਸ਼ਿਸ਼ਾਂ ਕੀਤੀਆਂ ਸਨ। ਰਾਵੀ ਟੱਪ ਜਾਵੋ ਨਹੀ ਤੇ ਬਿਆਸ ਜਰੂਰ ਪਾਰ ਕਰ ਜਾਵੋ। ਉਹਨਾਂ ਕਿਹਾ ਕਿ ਲਾਲ ਏਹ ਰਤਨ ਪੜਿਆ ਕਰੋ ਇਹ ਗੁਰਮਤ ਗਿਆਨ ਦੀ ਅੰਮ੍ਰਿਤਧਾਰਾ ਹੈ। ਸਿਖੀ ਸਿਦਕ ਪ੍ਰੇਮ ਸਾਗਰ ਹੈ। ਸਾਡਾ ਇਹ ਵਿਰਸਾ ਹੈ।

**ਦੀਵਾਨ-** ਦੁਪਹਿਰ ਵੇਲੇ ਹੱਲੇ ਦੇ ਦੀਵਾਨ ਦੀ ਆਰੰਭਤਾ ਬਾਹਰ ਪੰਡਾਲ ਵਿਚ ਹੋਈ ਜਿਸ ਵਿਚ ਜਥੇਦਾਰਾਂ ਨੇ ਹੱਲੇ ਦੇ ਦੀਵਾਨ

ਸਜਾਏ। ਜ. ਸੁਖਵੰਤ ਸਿੰਘ ਮੁਹਾਵਾ, ਕਵੀ ਰਵੇਲ ਸਿੰਘ, ਮਹੰਤ ਦਰਸ਼ਨ ਸਿੰਘ ਦਿੱਲੀ, ਜ. ਸੁਰਜੀਤ ਸਿੰਘ ਮੁਸਤਫਾਪੁਰ, ਮਨਜੀਤ ਸਿੰਘ ਰਾਗੀ, ਪੰਡਿਤ ਯਾਦਵਿੰਦਰ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੌਤਕਾਂ ਦਾ ਵਰਨਣ ਕੀਤਾ।

**ਸ. ਅਜੀਤ ਸਿੰਘ ਲਾਇਲ** ਨੇ ਸਟੇਜ ਸਕੱਤਰਤਾ ਕਰਦਿਆਂ ਕਿਹਾ ਕਿ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦਰਬਾਰ ਹੈ। ਇਥੇ ਕਦੀ ਵੀ ਕਿਸੇ ਨੂੰ ਇਹ ਨਹੀਂ ਪੁਛਿਆ ਜਾਂਦਾ ਕਿ ਤੂੰ ਕੌਣ ਹੈਂ, ਬਿਨਾਂ ਪੁੱਛਣ ਤੋਂ ਹੀ ਹਰ ਇਕ ਦੀ ਮਦਦ ਕੀਤੀ ਜਾਂਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪਰਿਵਾਰਾਂ ਨੂੰ ਆਪਣੇ ਪਰਿਵਾਰ ਤੋਂ ਵੀ ਵਧ ਪਿਆਰ ਦਿਤਾ। ਉਹਨਾਂ ਦਸਿਆ ਕਿ ਇਕ ਵੱਡਾ ਹਾਲ 200 300 ਫੁੱਟ ਦਾ ਮੰਦਰ ਤਿਆਰ ਹੋ ਰਿਹਾ ਹੈ ਜਿਸ ਦੀ ਡਰਾਇੰਗ ਸਕਰੀਨ ਤੇ ਦਿਖਾਈ ਗਈ।

**ਸੰਤ ਬਲਬੀਰ ਸਿੰਘ** ਜੀ ਨੇ ਆਪਣੇ ਕੀਮਤੀ ਸਮੇਂ ਵਿਚ ਨਾਮ ਦੀ ਗੱਲ ਕੀਤੀ। ਨਾਮ ਨੂੰ ਕਿਸ ਵਿਧੀ ਰਾਹੀ ਜਪਨਾ ਚਾਹੀਦਾ ਹੈ। ਉਸ ਵਿਧੀ ਬਾਰੇ ਚਾਨਣਾ ਪਾਇਆ।

**ਸੰਤ ਕਿਰਪਾਲ ਸਿੰਘ ਚਾਨਾ** ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ E-Library ਤਿਆਰ ਕਰਕੇ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ।

ਉਹਨਾਂ ਇਹ ਵੀ ਦੱਸਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ 200 ਤੇ 10 ਰੁਪਏ ਦਾ ਸਿੱਕਾ ਜਲਦੀ Govt. of India ਵਲੋਂ ਰੀਲੀਜ ਕੀਤਾ ਜਾ ਰਿਹਾ ਹੈ।

**ਪ੍ਰੋ. ਰਾਮ ਸਿੰਘ** ਨੇ ਬੋਲਦਿਆਂ ਕਿਹਾ ਕਿ ਬਹੁਤੇ ਪਲ ਅਜਿਹੇ ਆਉਂਦੇ ਹਨ ਜਦੋਂ ਗੁਲਾਮੀ ਦੇ ਦੁੱਖ ਦੇ ਸਾਹਮਣੇ ਮੌਤ ਬਹੁਤ ਹੀ ਛੋਟੀ ਲਗਦੀ ਹੈ। ਸੁਤੰਤਰ ਸੋਚ ਵਾਲੀਆਂ ਕੌਮਾਂ ਬਹੁਤ ਵੱਡੀਆਂ ਮੱਲਾਂ ਮਾਰਦੀਆਂ ਹਨ। ਮਨੁੱਖ ਨੂੰ ਆਜਾਦ ਹੋਣਾ ਬਹੁਤ ਜਰੂਰੀ ਹੈ। ਜਿਹਨਾਂ ਨੇ ਵਿਗਿਆਨਕ ਖੇਤਰ ਵਿੱਚ ਮੱਲਾਂ ਮਾਰੀਆਂ ਹਨ, ਇਹ ਉਹੀ ਲੋਕ ਹਨ, ਜਿਹੜੇ ਮਾਨਸਿਕ ਤੌਰ ਤੇ ਸੁਤੰਤਰ ਹਨ। ਇਹ ਸੁਤੰਤਰਤਾ ਦਾ ਸੰਕਲਪ ਸਤਿਗੁਰੂ ਰਾਮ ਸਿੰਘ ਜੀ ਨੇ ਦਿਤਾ। ਉਹਨਾਂ ਨਾਮਧਾਰੀ ਅਸੂਲ ਤਿਆਰ ਕੀਤੇ। ਆਜ਼ਾਦੀ ਨੂੰ ਪਰਪਕ ਕਰਨ ਲਈ ਸਭਿਆਚਾਰ ਦਾ ਅਹਿਮ ਰੋਲ ਹੈ।

**ਸਨਮਾਨਿਤ ਸਖ਼ਸ਼ੀਅਤਾਂ** ਸ. ਪ੍ਰੋ. ਰਾਮ ਸਿੰਘ ਜੀ, ਪ੍ਰਿੰਸੀਪਲ ਸ੍ਰੀ ਤ੍ਰਿਭਰਨ ਨਾਥ ਸੈਣੀ, ਸ. ਹਰਨੇਕ ਸਿੰਘ, ਸ.ਵਰਿੰਦਰ ਸਿੰਘ ਘੁੰਮਣ ਬਾਡੀ ਬਿਲਡਰ, ਸੁਖਵਿੰਦਰ ਸਿੰਘ B.J.P ਤੇ ਸ. ਹਰਪਾਲ ਸਿੰਘ ਪੰਨੂ ਜੀ ਨੂੰ ਸਨਮਾਨਿਤ ਕੀਤਾ ਗਿਆ।

**ਸ. ਹਰਪਾਲ ਸਿੰਘ ਪੰਨੂ** ਬਹੁਤ ਹੀ ਪਿਆਰੀ ਸਖ਼ਸ਼ੀਅਤ ਹੈ ਜਿਹਨਾਂ ਬਾਰੇ ਜਿਹਨਾਂ ਵੀ ਆਖਿਆ ਜਾਵੇ ਥੋੜਾ ਹੈ। ਉਹਨਾਂ ਨੇ ਜਿੰਨੀਆਂ ਵੀ ਜਨਮ ਸਾਖੀਆਂ ਹਨ ਉਹਨਾਂ ਦਾ ਕਈ-ਕਈ ਵਾਰ ਉਹਨਾਂ ਨੇ ਪਾਠ ਕੀਤਾ ਹੈ। ਅੱਜ ਉਹ ਜਨਮ ਸਾਖੀਆਂ ਇੰਨ ਬਿੰਨ ਉਹ ਸਟੇਜਾਂ ਤੇ ਜ਼ੁਬਾਨੀ ਸੁਣਾਉਂਦੇ ਹਨ ਜਿਵੇਂ ਜਨਮ ਸਾਖੀ ਸਾਹਮਣੇ ਖੁਲ੍ਹੀ ਹੋਵੇ। ਪ੍ਰੋ. ਹਰਪਾਲ ਸਿੰਘ ਜੀ ਸ਼ੈਲੀ ਦਾ ਬੋਲਣ ਦਾ ਢੰਗ ਵੀ ਜਨਮ ਸਾਖੀਆਂ ਵਰਗਾ ਹੈ।

**ਸਤਿਜੁਗ ਦਾ ਹੋਲਾ ਅੰਕ ਰੀਲੀਜ** ਸੰਤ ਨਿਸ਼ਾਨ ਸਿੰਘ, ਸ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ ਜੀ ਨੇ ਅੰਕ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ।

**ਕੀਰਤਨ** ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ, ਅਜੇਪਾਲ ਸਿੰਘ, ਪਿਆਰਾ ਸਿੰਘ, ਈਸ਼ਰ ਸਿਮਘ, ਠਾਕੁਰ ਸਿੰਘ, ਹਰਪਰੀਤ ਸਿੰਘ, ਸ਼ਾਮ ਸਿੰਘ ਤੇ ਸਰਮੁਖ ਸਿੰਘ ਨੇ ਮਿਲ ਕੇ ਕੀਰਤਨ ਕੀਤਾ।

**ਰਾਤ ਦੇ ਦੀਵਾਨ** ਜ. ਗੁਰਚਰਨ ਸਿੰਘ ਮੁਹਾਵਾ, ਸਤਿਗੁਰੂ ਜੀ ਦੇ ਕਨੇਡਾ ਦੌਰਿਆਂ ਦੀ VDO, ਸੂਬਾ ਰੇਸ਼ਮ ਸਿੰਘ, ਸੰਤਾ ਸਿੰਘ ਮੁਠੱਡਾ, ਬਿਹਾਰਾ ਸਿੰਘ ਜਮਨਾਨਗਰ, ਹਰਪਰੀਤ ਸਿੰਘ ਪਾਣੀਪਤ, ਜ. ਕਮਾਲ ਸਿੰਘ ਸ੍ਰੀ ਭੈਣੀ ਸਾਹਿਬ, ਜ. ਜਸਵਿੰਦਰ ਸਿੰਘ ਭਿੰਡਰ ਅਤੇ ਜ. ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਦੀਵਾਨ ਲਾਏ।

**ਹੋਲੇ ਮਹੱਲੇ ਦਾ ਆਖਰੀ ਦਿਨ (24-3-19)** ਅੱਜ ਹੋਲੇ ਮਹੱਲੇ ਦਾ ਚੌਥਾ ਦਿਨ ਸੀ। ਅੱਜ ਅਨੰਦ ਕਾਰਜ ਵੀ ਹੋਣੇ ਸਨ। ਰਾਗੀ ਸਿੰਘ ਸੰਤ ਬਲਵੰਤ ਸਿੰਘ, ਹਰਬੰਸ ਸਿੰਘ, ਸ਼ਾਮ ਸਿੰਘ, ਸੁਰਮੁਖ ਸਿੰਘ, ਅਜੇਪਾਲ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਈਸ਼ਰ ਸਿੰਘ ਤੇ ਹੋਰ ਸਾਥੀ ਰਾਗੀ ਸਿੰਘ ਉਚੀਆਂ ਸੁਰਾਂ ਵਿਚ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਇਸ ਸਮੇਂ 7 ਅਨੰਦ ਕਾਰਜ ਸੰਪੂਰਨ ਹੋਏ। ਇਸ ਸਮੇਂ 251 ਪਾਠਾਂ ਦੇ ਭੋਗ ਪਾਏ ਗਏ ਅਤੇ 13 ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।

20 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ
20 ਪਾਠ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਵਿਚ
20 ਪਾਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ
20 ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ
20 ਪਾਠ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਚੜਦੀ ਕਲਾ ਲਈ
5 ਪਾਠ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ
11 ਪਾਠ ਅਨੰਦ ਕਾਰਜ ਵਾਲਿਆ ਵੱਲੋਂ
135 ਪਾਠ ਹੋਰ ਸੰਗਤ ਵੱਲੋਂ ਕਰਵਾਏ ਗਏ।

ਪਾਠਾਂ ਦੇ ਭੋਗ ਤੋਂ ਬਾਦ ਲੜਕੇ ਲੜਕੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚੋਂ ਨਮਸਕਾਰ ਕੀਤੀ।

**ਮੇਲੇ ਵਾਲਿਆਂ ਵਲੋਂ** ਸੂਬਾ ਰੇਸ਼ਮ ਸਿੰਘ ਕਨੇਡਾ ਸਮੇਤ ਪਰਿਵਾਰ ਤੇ ਉਹਨਾਂ ਦੇ ਨਾਲ ਬਾਹਰੋਂ ਆਈ ਸੰਗਤ ਨੇ ਇਕੱਤਰ ਹੋ ਕੇ ਤਿਲਫੁਲ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚੋਂ ਭੇਟ ਕੀਤਾ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

**ਸਾਊਂਡ ਤੇ ਲਈਵ ਪ੍ਰੋਗਰਾਮ** ਸੰਤ ਕਰਨਪਾਲ ਸਿੰਘ, ਸੰਤ ਬੰਤਾ ਸਿੰਘ, ਸੰਤ ਲਵਪ੍ਰੀਤ ਸਿੰਘ, ਸੰਤ ਗੁਰਸਾਹਿਬ ਸਿੰਘ, ਸੰਤ ਯੁਵਰਾਜ ਸਿੰਘ। ਸਟਿਲ ਫੋਟੋ ਮੂਵੀ ਸੰਤ ਸੂਰਤਪਾਲ ਸਿੰਘ।

**ਸੋਧ ਦੇ ਲੰਗਰ ਦੀ ਸੇਵਾ–** ਸੰਤ ਹਰਪਾਲ ਸਿੰਘ ਤੇ ਉਹਨਾਂ ਦੇ ਸਾਥੀ।

**ਪਰਸ਼ਾਦੇ ਪਕਾਉਣ ਛਕਾਉਣ ਦੀ ਸੇਵਾ–** ਪੂਜਯ ਮਾਤਾ ਗੁਰਸ਼ਰਨ ਕੌਰ ਜੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਾਧ ਸੰਗਤ ਕੋਲੋਂ ਸੇਵਾ ਕਰਵਾ ਰਹੇ ਸਨ।

**ਗੰਨੇ ਦੇ ਰਸ ਦੀ ਸੇਵਾ** ਸੂਬਾ ਗੁਲਜਾਰ ਸਿੰਘ ਮਹਿਮੂਦਪੁਰ ਅਤੇ ਹੁਸ਼ਿਆਰਪੁਰ ਦੀ ਸੰਗਤ

**ਕਾਰ ਪਾਰਕਿੰਗ** ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਵਲੋਂ

**ਬਿਜਲੀ, ਪਾਣੀ ਦੀ ਸੇਵਾ** ਸੰਤ ਹਰਭਜਨ ਸਿੰਘ, ਸੰਤ ਵਰਿਆਮ ਸਿੰਘ ਤੇ ਸਾਥੀ।

**ਡੇਰਿਆਂ ਦੀ ਸੇਵਾ** ਸੰਤ ਆਸਾ ਸਿੰਘ, ਸੂਬਾ ਹਰਜੀਤ ਸਿੰਘ, ਸਵਰਨ ਸਿੰਘ ਤੇ ਸਾਥੀ

**ਅਖੰਡ ਪਾਠਾਂ ਦਾ ਪ੍ਰਵਾਹ** ਜਗਜੀਤ ਮੰਦਰ ਵਿਚ ਸੰਤ ਬਲਵੀਰ ਸਿੰਘ ਜੀ

**ਸਫਾਈ ਦੀ ਸੇਵਾ** ਬੀਬੀਆਂ ਤੇ ਭਾਈਆਂ ਵੱਲੋਂ

**ਪੰਡਾਲ ਵਿੱਚ ਪਹਿਰੇ ਦੀ ਸੇਵਾ** ਸੰਤ ਜਗਦੀਸ ਸਿੰਘ, ਗੁਰਦੇਵ ਸਿੰਘ ਚੀਮਾ, ਬੀਬੀ ਸੋਮਾ, ਮਨਜੀਤ ਕੌਰ, ਸੁਖਜੀਤ ਕੌਰ

**ਸਤਿਜੁਗ ਦੀ ਸੇਵਾ** ਸੇਵਕ ਹਰਪਾਲ ਸਿੰਘ, ਸੰਤ ਨਿਸ਼ਾਨ ਸਿੰਘ, ਸੰਤ ਸਵਿੰਦਰ ਸਿੰਘ, ਬੀਬੀ ਸਿਮਰਜੀਤ ਕੌਰ, ਹਾਕਮ ਸਿੰਘ, ਜਸਵੰਤ ਸਿੰਘ ਮਸਤ, ਭਜਨ ਸਿੰਘ, ਗੁਰਲਾਲ ਸਿੰਘ, ਮਲਕੀਤ ਸਿੰਘ, ਸੰਤਾ ਸਿੰਘ ਤੇ ਤਰਨ ਸਿੰਘ ਬੱਲ ਨੇ ਕੀਤੀ।

**ਪੰਡਾਲ ਦੀ ਸੇਵਾ** ਸੂਬਾ ਬਲਵਿੰਦਰ ਸਿੰਘ, ਸੂਬਾ ਹਰਜੀਤ ਸਿੰਘ

ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਹੋਲੇ ਮਹੱਲੇ ਦਾ 4 ਦਿਨ ਦਾ ਮੇਲਾ ਨਿਰਵਿਘਨ ਸਮਾਪਤ ਹੋਇਆ।ਇਸ ਮੇਲੇ ਵਿਚ ਸ੍ਰੀ ਸਤਿਗੁਰੂ ਜੀ ਨੇ ਸੇਵਾ ਕਰਨ ਵਾਲਿਆਂ ਨੂੰ ਖੁਸ਼ੀਆਂ ਬਖਸੀਆਂ ਸੰਗਤਾਂ ਦਾ ਭਰਪੂਰ ਇਕੱਠ ਰਿਹਾ।ਮੇਲੇ ਵਿਚ ਵਿਦਵਾਨਾਂ ਨੇ ਖੋਜ ਭਰਪੂਰ ਭਾਸ਼ਣ ਦੇ ਕੇ ਸੰਗਤਾਂ ਦੇ ਗਿਆਨ ਵਿਚ ਵਾਧਾ ਕੀਤਾ। ਰਾਗੀ ਸਿੰਘਾਂ ਨੇ ਰਸ ਭਿੰਨਾ ਕੀਰਤਨ ਕਰਕੇ ਆਤਮਿਕ ਰਸ ਭਰਿਆ। ਇਸ ਤਰ੍ਹਾਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਆਪਣਾ ਜਨਮ ਸਫਲਾ ਕੀਤਾ।

**ਰੀਪੋਟ– ਗੁਰਦੇਵ ਸਿੰਘ ਚੀਮਾ**

---

## ਪਿੰਡ ਮਨਸੂਰਵਾਲ ਜਿਲਾ ਫਿਰੋਜਪੁਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ ਮੇਲਾ

ਸਤਿਗੁਰੂ ਜੀ ਵੱਲੋਂ ਆਗਿਆ ਮਿਲਣ ਤੇ ਸੂਬਾ ਹਰਦੀਪ ਸਿੰਘ ਮਨਸੂਰਵਾਲ ਨੇ ਆਪਣੇ ਇਲਾਕੇ ਦੀ ਸਾਧ ਸੰਗਤ ਨਾਲ ਵਿਚਾਰ ਵਿਟਾਂਦਰਾ ਕਰਕੇ ਮੇਲੇ ਦੀ ਵਿਉਤ ਬੰਦੀ ਕੀਤੀ। 17 ਮਾਰਚ 2019 ਮੁਤਾਬਿਕ 4 ਚੇਤਰ 2075 ਦਿਨ ਐਤਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਤਕਰੀਬਨ 11 ਵਜੇ ਮਨਸੂਰਵਾਲ ਵਿਖੇ ਸੂਬਾ ਹਰਦੀਪ ਸਿੰਘ ਜੀ ਦੇ ਘਰ ਦਰਸ਼ਨ ਦੇਣ ਉਪਰੰਤ ਜਲ ਪਾਣੀ ਛੱਕ ਕੇ ਵੱਡੇ ਪੰਡਾਲ ਵਿੱਚ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਅੱਜ ਦਾ ਇਹ ਮੇਲਾ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਸੀ। ਸਟੇਜ ਤੇ ਜਥੇਦਾਰ ਮੁਖਤਿਆਰ ਸਿੰਘ ਜਫ਼ਰ ਆਪਣਾ ਪ੍ਰੋਗਰਾਮ ਪੇਸ਼ ਕਰ ਰਹੇ ਸਨ। ਜਿਹਨਾਂ ਨਾਮਧਾਰੀ ਇਤਿਹਾਸ ਨੂੰ ਆਪਣੀ ਸ਼ੈਲੀ ਵਿੱਚ ਪੇਸ ਕੀਤਾ। ਉਪਰੰਤ ਜਥੇ. ਕਮਾਲ ਸਿੰਘ ਭੈਣੀ ਸਾਹਿਬ ਨੇ ਦੀਵਾਨ ਸਜਾਇਆ। ਦੀਵਾਨ ਸਮਾਪਤੀ ਉਪਰੰਤ ਸ੍ਰੀ ਮੇਘਰਾਜ ਰੱਲਾ ਜੀ ਨੇ ਆਪਣੇ ਸ਼ਬਦਾਂ ਵਿੱਚ ਨਾਮਧਾਰੀ ਇਤਿਹਾਸ ਦੀ ਗੱਲ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਦਾ ਇਲਾਕੇ ਵਿਚ ਦਰਸ਼ਨ ਦੇਣ ਲਈ ਧੰਨਵਾਦ ਕੀਤਾ। ਸੂਬਾ ਹਰਦੀਪ ਸਿੰਘ ਨੇ ਮੰਚ ਤੋਂ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆਂ ਆਖਿਆ। ਪਵਿੱਤਰ ਗੁਰਬਾਣੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪੰਜ ਪਾਠਾਂ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ ਦੇਣ ਦੀ ਕਿਰਪਾ ਕੀਤੀ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਗੁਰਬਾਣੀ ਅਨੁਸਾਰ ਜੀਵਨ ਜਿਉਣ ਲਈ ਪ੍ਰੇਰਤ ਕੀਤਾ। ਮੇਲੇ ਦੀ ਸਮਾਪਤੀ ਬਾਅਦ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਸ਼ਹਿਰ ਜੀਰਾ ਵਿਖੇ ਸ.ਹਰਜੀਤ ਸਿੰਘ ਦੇ ਅਰਜ ਕਰਨ ਤੇ ਉਹਨਾਂ ਦੇ ਮੱਕੂਲ ਪੈਗਡਾਇਜ ਵਿਖੇ ਚਰਨ ਪਾਉਣ ਦੀ ਕ੍ਰਿਪਾ ਕੀਤੀ। ਇਥੋਂ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**– ਸੂਬਾ ਬਲਵਿੰਦਰ ਸਿੰਘ ਝੱਲ**

## ਜਿਲਾ ਪਟਿਆਲਾ ਦੇ ਪਿੰਡ ਘਿਓਰਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜਿਲਾ ਪਟਿਆਲਾ ਦੀ ਸਾਧ ਸੰਗਤ ਦੇ ਅਰਜ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਾਧ ਸੰਗਤ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਪੂਜਨੀਕ ਮਾਤਾ ਚੰਦ ਕੌਰ ਜੀ ਦੀ ਯਾਦ ਵਿੱਚ ਮੇਲਾ ਕਰਨ ਦੀ ਪ੍ਰਵਾਨਗੀ ਦਿੱਤੀ ਤਾਂ ਸਾਧ ਸੰਗਤ ਵਿੱਚ ਇਸ ਗੱਲ ਦੀ ਖੁਸੀ ਸੀ ਕਿ ਇਸ ਮੇਲੇ ਤੇ ਸ੍ਰੀ ਸਤਿਗੁਰੂ ਜੀ ਇਲਾਕੇ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਨਗੇ। ਸੂਬਾ ਤਰਨਜੀਤ ਸਿੰਘ ਘਿਉਰਾ ਦੀ ਅਗਵਾਈ ਵਿਚ ਇਲਾਕੇ ਦੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਲਈ ਤਿਆਰ ਸੀ। 19 ਮਾਰਚ 2019 ਦਿਨ ਮੰਗਲਵਾਰ 6 ਚੇਤਰ 2075 ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਪ੍ਰਸ਼ਾਦਾ ਛਕਣ ਬਾਅਦ ਸ੍ਰੀ ਸਤਿਗੁਰੂ ਜੀ ਆਪਣੇ ਸਿੱਖ ਸੇਵਕਾਂ ਸਹਿਤ ਅਤੇ ਖਾਸ ਕਰਕੇ ਵਿਦੇਸ ਤੋਂ ਆਈ ਸੰਗਤ ਨੂੰ ਨਾਲ ਲੈ ਕੇ ਮੇਲੇ ਵਿੱਚ ਦਰਸ਼ਨ ਦੇਣ ਲਈ ਚੱਲ ਪਏ। ਵਾਇਆ ਰਾਜਪੁਰਾ ਪਟਿਆਲਾ ਹੁੰਦੇ ਹੋਏ ਤਕਰੀਬਨ 12 ਵਜੇ ਸ੍ਰੀ ਸਤਿਗੁਰੂ ਜੀ ਨੂੰ

ਮੇਲੇ ਵਿਚ ਨਾਮਧਾਰੀ ਧਰਮਸਾਲਾ ਪਿੰਡ ਘਿਉਰਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਟੇਜ ਤੇ ਜ.ਗੁਰਲਾਲ ਸਿੰਘ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ। ਫਿਰ ਜਥੇਦਾਰ ਕਮਾਲ ਸਿੰਘ ਨੇ ਦੀਵਾਨ ਸਜਾਇਆ। ਇਸੇ ਸਮੇਂ ਹੀ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਧਰਮਪਤਨੀ ਅਤੇ ਸਾਬਕਾ ਵਿਦੇਸ ਮੰਤਰੀ ਬੀਬੀ ਮਹਾਰਾਣੀ ਪਰਨੀਤ ਕੌਰ ਅਤੇ ਹਲਕਾ ਸਮਾਣਾ ਦੇ M.L.A ਸ.ਰਾਜਿੰਦਰ ਸਿੰਘ ਸ੍ਰੀ ਸਤਿਗੁਰੂ ਜੀ ਦਰਸਨ ਕਰਨ ਲਈ ਉਚੇਚੇ ਤੌਰ ਤੇ ਮੇਲੇ ਵਿਚ ਪਹੁੰਚੇ।ਦੀਵਾਨ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦਿੰਦੇ ਹੋਏ ਸਾਧ ਸੰਗਤ ਨੂੰ ਆਪਣੇ ਬੱਚਿਆ ਨੂੰ ਗੁਰਸਿੱਖੀ ਨਾਲ ਜੁੜਨ ਅਤੇ ਗੁਰਬਾਣੀ ਪੜਨ ਦਾ ਹੁਕਮ ਕੀਤਾ ਤਾਂ ਜੋ ਬੱਚੇ ਵੱਡੇ ਹੋ ਕੇ ਵਧੀਆਂ ਇਨਸਾਨ ਬਣ ਸਕਣ। ਮੇਲੇ ਵਿੱਚ ਸੰਗਤ ਦੀ ਭਰਭੂਰ ਹਾਜਰੀ ਸੀ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਮੇਲੇ ਦੀ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਸ.ਟਹਿਲ ਸਿੰਘ ਘਿਉਰਾ, ਮਸਤਾਨਾ ਕਰਤਾਰ ਸਿੰਘ ਘਿਉਰਾ, ਗੁਰਦੀਪ ਸਿਮਘ ਧਨੋਡੀ, ਮਹਿਮਾ ਸਿੰਘ ਧਨੋਰੀ, ਅਰਜਨ ਸਿੰਘ ਅਜੀਮਗੜ ਅਤੇ ਰੇਸਮ ਸਿੰਘ ਡਰੋਲਾ ਸਮੇਤ ਕਈ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਸੂਬਾ ਤਰਨਜੀਤ ਸਿੰਘ ਘਿਉਰਾ, ਪ੍ਰਧਾਨ ਰਤਨ ਸਿੰਘ ਚੀਮਾਂ, ਮਹਿੰਦਰ ਸਿੰਘ ਦੇਵਤਪੁਰ, ਬੱਗਾ ਸਿੰਘ ਘਿਉਰਾ, ਬਲਦੇਵ ਸਿੰਘ ਘਿਉਰਾ ਨੇ ਸਭ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

## ਪੰਜਾਬੀ ਸਾਹਿਤ ਅਕਾਦਮੀ ਵੱਲੋਂ 'ਆਨੰਦ ਵਾਰਤਕ ਪੁਰਸਕਾਰ' ਸੁਵਰਨ ਸਿੰਘ ਵਿਰਕ ਜੀ ਨੂੰ

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਅੱਜ ਸਨਮਾਨ ਸਮਾਰੋਹ ਪੰਜਾਬੀ ਭਵਨ ਲੁਧਿਆਣਾ ਵਿਖੇ ਕੀਤਾ ਗਿਆ। ਕਾਮਰੇਡ ਜਗਜੀਤ ਸਿੰਘ ਆਨੰਦ ਵਾਰਤਕ ਪੁਰਸਕਾਰ ਪ੍ਰਸਿੱਧ ਵਿਦਵਾਨ ਤੇ ਵਾਰਤਕਕਾਰ ਸ. ਸਵਰਨ ਸਿੰਘ ਵਿਰਕ ਨੂੰ ਭੇਟ ਕੀਤਾ ਗਿਆ, ਜਿਸ 'ਚ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ, ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਸਾਲ 2017 ਦਾ ਮਾਤਾ ਜਸਵੰਤ ਕੌਰ ਸਰਬੋਤਮ ਮੌਲਿਕ ਬਾਲ ਪੁਸਤਕ ਪੁਰਸਕਾਰ ਸ. ਅਵਤਾਰ ਸਿੰਘ ਸੰਧੂ ਨੂੰ ਭੇਟ ਕੀਤਾ ਗਿਆ, ਜਿਸ ਵਿਚ ਦਸ ਹਜਾਰ ਰੁਪਏ ਦੀ ਰਾਸ਼ੀ, ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਸਨ। ਸਨਮਾਨ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ, ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ, ਸ. ਰੂਪ ਸਿੰਘ ਰੂਪਾ ਅਤੇ ਡਾ. ਗੁਰਇਕਬਾਲ ਸਿੰਘ ਸ਼ਾਮਲ ਸਨ।

ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਪਹੁੰਚੇ ਸਾਹਿਤਕਾਰਾਂ ਨੂੰ ਜੀ ਆਇਆਂ ਨੂੰ ਕਿਹਾ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਸੁਵਰਨ ਸਿੰਘ ਵਿਰਕ ਨੇ ਨਾਮਧਾਰੀ ਨਾਇਕਾਂ ਦੀ ਸੂਰਮਗਤੀ ਬਾਰੇ ਜੋ ਕਾਰਜ ਕੀਤਾ ਹੈ, ਉਹ ਸਲਾਹੁਣਯੋਗ ਹੈ। ਡਾ. ਸੁਖਦੇਵ ਸਿੰਘ ਸਿਰਸਾ ਨੇ ਆਪਣੇ ਭਾਸ਼ਣ ਵਿਚ ਮਹੱਤਵਪੂਰਨ ਨੁਕਤਾ ਉਠਾਉਂਦਿਆਂ ਕਿਹਾ ਕਿ ਲੋਕ ਮੌਖਿਕ ਪਰੰਪਰਾ ਵੀ ਵੱਡੇ ਪੱਧਰ ਤੇ ਇਤਿਹਾਸਕਾਰ ਵਿਦਵਾਨਾਂ ਨੂੰ ਪਛਾਣ ਦਿੰਦੀ ਹੈ, ਜਿਹਦੇ ਵਿਚ ਸੁਵਰਨ ਸਿੰਘ ਵਿਰਕ ਦਾ ਵਿਸ਼ੇਸ਼ ਸਥਾਨ ਹੈ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਨੇ ਸਨਮਾਨਿਤ ਵਿਦਵਾਨਾਂ ਨੂੰ ਵਧਾਈ ਦਿੰਦਿਆਂ ਪਹੁੰਚੇ ਲੇਖਕਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਆਨੰਦ ਜੀ ਵਾਲਾ ਪੁਰਸਕਾਰ ਸ. ਰੂਪ ਸਿੰਘ ਰੂਪਾ (ਅਮਰੀਕਾ ਨਿਵਾਸੀ) ਨੇ ਆਪਣੇ ਪਿਤਾ ਸ. ਹਰ ਸਿੰਘ ਰੂਪਾ ਦੀ ਯਾਦ ਵਿਚ ਸਥਾਪਤ ਕੀਤਾ ਹੋਇਆ ਹੈ ਅਤੇ ਮਾਤਾ ਜਸਵੰਤ ਕੌਰ ਮੌਲਿਕ ਬਾਲ ਪੁਸਤਕ ਪੁਰਸਕਾਰ ਪ੍ਰੋ. ਪ੍ਰੀਤਮ ਸਿੰਘ ਦੇ ਪਰਵਾਰ ਦੇ ਸਹਿਯੋਗ ਨਾਲ ਦਿੱਤਾ ਜਾਂਦਾ ਹੈ। ਸੁਵਰਨ ਸਿੰਘ ਵਿਰਕ ਨੇ ਸਨਮਾਨ ਪ੍ਰਾਪਤੀ ਤੋਂ ਬਾਅਦ ਮਹਾਨ ਆਜ਼ਾਦੀ ਸੰਗਰਾਮੀ ਯੋਧਿਆਂ ਨੂੰ ਯਾਦ ਕਰਦਿਆਂ ਜਗਜੀਤ ਸਿੰਘ ਆਨੰਦ ਦੀ ਯਾਦ ਨੂੰ ਤਾਜ਼ਾ ਕੀਤਾ ਤੇ ਕਿਹਾ ਕਿ ਕਿਸੇ ਵੀ ਸੰਸਥਾ/ਲਹਿਰ ਦੀ ਸਰਵਪੱਖੀ ਦੇਣ ਨੂੰ ਇਤਿਹਾਸ ਵਿਚ ਸਥਾਪਤ ਕਰਨਾ ਚਾਹੀਦਾ ਹੈ। ਇਸ ਮੌਕੇ ਕਾ. ਸੁਵਰਨ ਸਿੰਘ ਵਿਰਕ ਬਾਰੇ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪੇਪਰ ਵਿਚ ਵਿਰਕ ਜੀ ਬਾਰੇ ਦੱਸਦਿਆਂ ਕਿਹਾ ਕਿ ਨਾਮਧਾਰੀ ਲਹਿਰ ਦੇ ਚਿੰਤਨ ਤੇ ਇਤਿਹਾਸ ਬਾਰੇ ਉਨ੍ਹਾਂ ਦਾ ਕੰਮ ਗਹਿਰ-ਗੰਭੀਰ ਹੈ ਅਤੇ ਸਤਿਗੁਰੂ ਦੇ ਜੀਵਨ ਬਾਰੇ ਤੇ ਦੇਣ ਬਾਰੇ ਉਸ ਦੀ ਭੂਮਿਕਾ ਲਾਸਾਨੀ ਹੈ।

ਇਸ ਮੌਕੇ ਪਾਸ ਕੀਤੇ ਗਏ ਮਤੇ 'ਚ ਕਿਹਾ ਗਿਆ ਕਿ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਕੇਂਦਰ ਤੇ ਮਹਾਂਰਾਸ਼ਟਰ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦੀ ਹੈ ਕਿ ਮੁਲਕ ਦੇ ਪ੍ਰਸਿੱਧ ਤੇਲਗੂ ਲੋਕ-ਕਵੀ ਤੇ ਜਮਹੂਰੀ ਆਗੂਵਰਵਰਾ ਰਾਓ, ਸਮਾਜਕ ਕਾਰਕੁਨ ਪ੍ਰੋ. ਗੌਤਮ ਨਵਲੱਖਾ, ਵਰਨੋਨ ਗੱਜ਼ਾਲਵੇਜ਼, ਲੋਕ ਪੱਖੀ ਵਕੀਲ ਅਰੁਣ ਫਰੇਰਾ, ਸੁਧਾ ਭਾਰਦਵਾਜ, ਜਮਹੂਰੀ ਕਾਰਕੁਨ ਪ੍ਰੋ. ਜੀ ਐੱਨ. ਸਾਈ ਬਾਬਾ ਸਮੇਤ ਉੱਘੇ ਬੁੱਧੀਜੀਵੀਆਂ ਤੇ ਪਏ ਝੂਠੇ ਤੇ ਮਨਘੜਤ ਫਾਂਸੀ ਕੇਸ ਫੌਰੀ ਰੱਦ ਕਰਕੇ ਤੁਰੰਤ ਬਿਨਾਂ ਸ਼ਰਤ ਰਿਹਾਈ ਯਕੀਨੀ ਬਣਾਈ ਜਾਵੇ।


SATGURU PARTAP SINGH
ACADEMY
Hostel facility
available
Limited Seats
ADMISSION
OPEN 2019
Affiliated to CBSE,
Affiliation No: 1631038
Pre Nursery to class 12th
Call Now
+91-7071847000
+91-9417090005
Sri Bhaini Sahib, Ludhiana 141126
info@spsa.ac.in
www.spsa.ac.in

Date of Publication:10-4-2019,
Date of Posting: 11-12 Apr.2019

RNI NO. 55658/93 Delhi Postal Regd. No. DL(W)
01/2055/18-20



ਸ੍ਰੀ ਮਾਤਾ ਚੰਦ ਕੌਰ ਜੀ

ਮਾਤਾ ਸੀਤਾ ਤੇ ਮਾਤਾ ਰੁਕਮਣੀ ਨੂੰ
ਮਾਤਾ ਲਸ਼ਮੀ ਨੂੰ ਜਿਹੜਾ ਮਾਣ ਮਿਲਿਆ
ਮਹਿਲ ਬਣੇ ਜਦ ਗੁਰੂ ਜਗਜੀਤ ਸਿੰਘ ਦੇ
ਉਹੋ ਉੱਚ ਸ਼ਰੇਸ਼ਟ ਅਸਥਾਨ ਮਿਲਿਆ
ਮਾਣ ਕੀਤਾ ਨਹੀਂ ਫੇਰ ਵੀ ਉਮਰ ਸਾਰੀ
ਮਨ ਨੀਵਾਂ ਹੀ ਸਦਾ ਬਣਾਈ ਰੱਖਿਆ
ਪ੍ਰਭੂਪਤੀ ਨੂੰ ਨਿਮ੍ਰਤਾ ਭਾਂਵਦੀ ਹੈ
ਗੁਰ ਚਰਨਾਂ ਤੇ ਸੀਰ ਝੁਕਾਈ ਰੱਖਿਆ
ਰਿਸ਼ਤਾ ਰੱਖਿਆ ਗੁਰੂ ਤੇ ਸਿੱਖ ਵਾਲਾ
ਸੇਵਕ ਬਣਕੇ ਸੇਵਾ ਕਮਾਂਵਦੇ ਰਹੇ
ਸਤਿ ਬਚਨ ਕਹਿ ਸੀਸ ਝੁਕਾ ਦਿੱਤਾ
ਜੋ ਜੋ ਸਤਿਗੁਰੂ ਹੁਕਮ ਸੁਣਾਵਦੇ ਰਹੇ
ਖੁਸ਼ੀ ਗੁਰਾਂ ਦੀ ਆਪਣੀ ਖੁਸ਼ੀ ਜਾਣੀਂ
ਆਪਾਂ ਗੁਰੂ ਚਰਨਾਂ ਤੋਂ ਵਾਰ ਦਿੱਤਾ
ਬਾਜ਼ੀ ਜ਼ਿੰਦਗੀ ਦੀ ਉਹੋਂ ਜਿੱਤਦੇ ਨੇ
ਪਹਿਲੋਂ ਮਨ ਨੂੰ ਜਿੰਨਾਂ ਨੇ ਹਾਰ ਦਿੱਤਾ
ਦੁੱਖ ਛੁਪਾ ਕਮਾਲ, ਨੂੰ ਸੁੱਖ ਦਿੱਤੇ
ਐਡਾ ਜੱਗ ਤੇ ਹੌਂਸਲਾ ਕਿਸ ਦਾ ਹੈ।
ਧੰਨ ਧੰਨ ਹੋ ਮਾਤਾ ਜੀ ਤੁਸੀਂ
ਤੁਹਾਡੇ ਜਿਹਾ ਨਾਂ ਜੱਗ ਤੇ ਦਿਸਦਾ ਹੈ

ਜਥੇਦਾਰ ਕਮਾਲ ਸਿੰਘ 'ਕਮਾਲ'

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.